# ਅੰਮ੍ਰਿਤ ਕੀਰਤਨ

ਅੰਕ 2 ਸਾਲ ਪੰਜਵਾਂ ਫਰਵਰੀ 1993

## ਰਾਗ ਨਾਦ ਸਬਦਿ ਸੋਹਣੇ



ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 2 | ਸਾਲ ਪੰਜਵਾਂ | ਫਰਵਰੀ 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ** :
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ** :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

**ਵਿਸ਼ਾ** — **ਪੰਨਾ**

1. ਤੁਹਾਡੇ ਪੱਤਰ — 1
2. ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ — 3
   — ਸੁਖਦੇਵ ਸਿੰਘ ਨਡਾਲੋਂ
3. ਭਾਈ ਸੰਤਾ ਸਿੰਘ ਚਮਕ — 7
   — ਜੋਧ ਸਿੰਘ
4. ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ — 13
   — ਡਾ. ਜਾਗੀਰ ਸਿੰਘ
5. ਮੇਰਾ ਜੀਵਨ ਮਨੋਰਥ — 19
   — ਜੇ. ਪੀ. ਨੰਦਾ
6. ਰਾਗ ਧਨਾਸਰੀ-ਸੁਰ ਲਿਪੀ — 22
   — ਕਰਨਵੀਰ ਕੌਰ
7. ਬੰਦਾ ਕਹੀਐ ਸੋਈ (ਕੈਸੱਟ ਸਮੀਖਿਆ) — 25
8. ਯਾਤਰਾ ਸੱਚ ਖੰਡ ਦੀ (ਪੁਸਤਕ ਰੀਵੀਊ) — 29
9. ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਇਨਾਇਤ ਬਾਈ ਢੇਰੂਵਾਲੀ — 30
   — ਬਲਵੀਰ ਸਿੰਘ ਕੰਵਲ (ਲੰਡਨ)

**ਨੋਟ** : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਤੁਹਾਡੇ ਪੱਤਰ

ਨਵਾਂ ਮਹੀਨਾ ਸ਼ੁਰੂ ਹੁੰਦਿਆਂ ਹੀ ਪਿਆਰੇ 'ਅੰਮ੍ਰਿਤ ਕੀਰਤਨ' ਦਾ ਇੰਤਜ਼ਾਰ ਸ਼ੁਰੂ ਹੋ ਜਾਂਦਾ ਹੈ। ਖੈਰ ਸਤੰਬਰ ਅੰਕ ਬੜੇ ਹੀ ਸੋਹਣੇ ਸੋਹਣੇ ਫੁਲਾਂ ਦਾ ਗੁੰਦਿਆ ਗੁਲਦਸਤਾ ਪ੍ਰਾਪਤ ਹੋਣ ਤੇ ਮਨ ਬੜਾ ਹੀ ਪ੍ਰਸੰਨ ਹੋਇਆ। ਸਾਰੇ ਲੇਖ ਖੋਜ ਭਰਪੂਰ ਸਨ।

ਸ੍ਰੀ ਸ਼ੰਕਰ ਲਾਲ ਮਿਸ਼ਰ ਜੀ ਦਾ ਲੇਖ 'ਗੁਰਬਾਣੀ ਤੇ ਰਾਗ ਰਸ ਦਾ ਸਬੰਧ' ਪੜ੍ਹਕੇ ਬੜਾ ਅਨੰਦ ਆਇਆ। ਇਸ ਖੋਜ ਭਰਪੂਰ ਲੇਖ ਦਾ ਇਹ ਕਥਨ ਉੱਚਾ ਮਾਰਗ ਦਰਸ਼ਨ ਦਿੰਦਾ ਹੈ

''ਰਾਗ ਦੀ ਕੋਈ ਮੂਰਤੀ ਜਾਂ ਆਕਾਰ ਨਹੀਂ। ਰਾਗ ਦਾ ਰਸ ਨੇਤਰਾਂ ਤੋਂ ਪਰੇ ਹੈ। ਪਰੰਤੂ ਅਵਾਜ਼ ਰੂਪ ਵਿਚ ਕੰਨਾ ਦੁਆਰਾ ਜਾਣਿਆ ਪਛਾਣਿਆ ਜਾਂਦਾ ਹੈ''।

ਜੇ. ਪੀ. ਨੰਦ ਜੀ ਦਾ ''ਕੀਰਤਨ ਟੂਰ ਮੇਰਾ ਜੀਵਨ-ਮਨੋਰਥ ਅਤੇ ਇਸ ਵਿਚ 'ਪੂਤਾ ਮਾਤਾ ਕੀ ਅਸੀਸ' ਧੰਨਤਾ ਯੋਗ ਹੈ ਉਹ ਮਾਤਾ ਜੀ ਜਿਹਨਾਂ ਆਪਣੇ ਬੱਚੇ ਨੂੰ ਇਹ ਅਸੀਸ ਦਿੱਤੀ ਤੇ ਧੰਨ ਹੈ ਉਹ ਪੁੱਤਰ (ਜੇ. ਪੀ. ਨੰਦਾ) ਜਿਹਨਾਂ ਨੂੰ ਅਸੀਸ ਦਾ ਫਲ ਪ੍ਰਾਪਤ ਹੋਇਆ ਤੇ ਉਹਨਾਂ ਅੱਗੋਂ ਇਸ ਗੁਰਬਾਣੀ ਦੀ ਫੁਲਵਾੜੀ ਦੇ ਸੋਹਣੇ ਮਹਿਕਦੇ ਖੁਸ਼ਬੂ ਵਾਲੇ ਫੁੱਲਾਂ ਦੀ ਸੁਗੰਧੀ ਥਾਂ ਥਾਂ ਖਿਲਾਰੀ। ਵਾਹਿਗੁਰੂ ਜੀ ਆਪ ਦੇ ਅੰਗ ਸੰਗ ਹੋਣ ਤੇ ਆਪ ਜੀ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿਣ।

ਟੀ. ਨਰਿੰਦਰਪਾਲ ਸਿੰਘ
ਕੇ ਜੀ-1/21 ਵਿਕਾਸ ਪੁਰੀ
ਨਵੀਂ ਦਿੱਲੀ-110018

ਸਤਿਕਾਰ ਯੋਗ ਡਾ. ਜਾਗੀਰ ਸਿੰਘ ਜੀਓ,

ਮੈਨੂੰ ਅਗਸਤ ਅੰਕ 'ਅੰਮ੍ਰਿਤ ਕੀਰਤਨ' ਵੇਖਣ ਦਾ ਅਵਸਰ ਮਿਲਿਆ। ਵੇਖਕੇ ਤੇ ਪੜ੍ਹਕੇ ਅਤਿਅੰਤ ਪ੍ਰਸੰਨਤਾ ਹੋਈ। ਨਿਰੋਲ ਗੁਰਬਾਣੀ ਕੀਰਤਨ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਰਾਗਾਂ ਤੇ ਗੁਰਬਾਣੀ ਵੀਚਾਰਾਂ ਨਾਲ ਸੁਸੱਜਿਤ ਇਹ ਪਰਚਾ ਆਪਣੇ ਆਪ ਵਿਚ ਇਕ ਵਿਸ਼ੇਸ਼ ਵਿਲੱਖਣਤਾ ਪ੍ਰਗਟ ਕਰਦਾ ਹੈ। ਸ੍ਰੀ ਸ਼ੰਕਰ ਲਾਲ ਮਿਸ਼ਰ ਜੀ ਦਾ ਲੇਖ ਅਤੇ 'ਪ੍ਰੇਮ' ਜੀ ਦਾ ਆਸਾ ਦੀ ਵਾਰ ਸਬੰਧੀ ਵਿਚਾਰ ਲੇਖਮਾਲਾ ਆਦਿ ਉੱਤਮ ਲੇਖ ਸਮੱਗਰੀ ਹਨ। ਮੈਂ ਪਰਚੇ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਆਪ ਜੀ ਦੇ ਉੱਦਮ ਇਸ ਪਿੜ ਵਿੱਚ ਵਿਸ਼ੇਸ਼ ਯੋਗਦਾਨ ਪਾ ਸਕਣਗੇ। ਗੁਰੂ ਗ੍ਰੰਥ ਸਾਹਿਬ ਜੀ ਦੀ ਤਰਤੀਬ ਹੀ ਰਾਗਾਂ ਵਿਚ ਕੀਤੀ ਗਈ ਹੈ। ਇਸ ਲਈ ਸਾਰੇ ਸਿੱਖਾਂ ਦਾ ਵਧੇਰੇ ਕਰਤੱਵ ਬਣਦਾ ਹੈ ਕਿ ਇਹਨਾਂ ਦੇ ਅਧਿਐਨ 'ਚ ਵਧੇਰੇ ਸੁਚੇਤ ਹੋਈਏ।

ਸ਼ੁਭ ਇਛਾਵਾਂ ਸਹਿਤ.

ਤੁਹਾਡਾ ਸ਼ੁਭਚਿੰਤਕ,

(ਸੁਰਜੀਤ ਸਿੰਘ ਮਿਨਹਾਸ)

ਸਾਬਕਾ ਸਪੀਕਰ,

ਪੰਜਾਬ ਅਸੰਬਲੀ।

# ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ

ਸੁਖਦੇਵ ਸਿੰਘ ਨਡਾਲੋਂ

***ਦਸੰਬਰ 1992 ਦੇ ਅੰਕ ਤੋਂ ਅੱਗੇ***

**ਸੰਗੀਤ ਪ੍ਰਾਰਥਨਾ ਦਾ ਬੱਚਾ ਅਤੇ ਧਰਮ ਦਾ ਸਾਥੀ ਹੈ।**

– (ਚੇਟੀਉ ਬ੍ਰੀਅੰਡ)

**ਸੰਗੀਤ ਸਾਡੇ ਮਨਾਂ ਉਤੇ ਦਿਨ ਰਾਤ ਪੈਂਦੀ ਵਿਕਾਰਾਂ ਦੀ ਮੈਲ ਨੂੰ ਨਾਲੋ ਨਾਲ ਧੋਣ ਦਾ ਵਸੀਲਾ ਹੈ।**

– (ਐਵਰ ਬੈਂਕ)

ਉਪਰੋਕਤ ਉਦਾਹਰਣਾਂ ਤੋਂ ਪਤਾ ਲੱਗਦਾ ਹੈ ਕਿ ਜੇਕਰ ਸੰਗੀਤ ਨੂੰ ਉਸਾਰੂ ਪੱਖ ਤੋਂ ਵਰਤਿਆਂ ਜਾਵੇ ਤਾਂ ਮਨੁੱਖੀ ਸ਼ਖਸੀਅਤ ਦੀ ਉਸਾਰੀ ਦਾ ਵਧੀਆ ਸਾਧਨ ਹੈ। ਗੁਰੂ ਸਾਹਿਬਾਨਾਂ ਨੇ ਆਪਣੇ ਸੰਦੇਸ਼ ਨੂੰ ਹਰੇਕ ਤੱਕ ਪਹੁੰਚਾਉਣ ਲਈ ਮਨੋਵਿਗਿਆਨਕ ਸੋਚ ਤੋਂ ਕੰਮ ਲਿਆ। ਮਨੁੱਖੀ ਮਨ ਬੜਾ ਚੰਚਲ ਪ੍ਰਕ੍ਰਿਤੀ ਦਾ ਹੈ ਪਾਰੇ ਦੀ ਤਰਾਂ ਝੱਟ ਹੱਥਾਂ ਚੋਂ ਫਿਸਲ ਜਾਂਦਾ ਹੈ। ਇਹ ਸਥਿਰ ਨਹੀਂ ਰਹਿੰਦਾ। ਜਦੋਂ ਇਸਨੂੰ ਜਜ਼ਬਿਆਂ ਦੀ ਬੋਲੀ ਨਾਲ ਸਮਝਾਇਆ ਜਾਵੇ ਤਾਂ ਜਲਦੀ ਸਮਝ ਸਕਦਾ ਹੈ ਅੱਜ ਦਾ ਮਨੋਵਿਗਿਆਨ ਵੀ ਇਹੋ ਮੰਨਦਾ ਹੈ ਕਿ ਮਨੁੱਖ ਜਜ਼ਬਿਆਂ ਦੇ ਵਹਿਣ ਵਿੱਚ ਵਹਿ ਕੇ ਅਮਲ ਕਰਦਾ ਹੈ ਨਿਰਾ ਗਿਆਨ ਆਸਰੇ ਨਹੀਂ ਕਰਦਾ ਜੇ ਇਹ ਨਿਰੋਲ ਗਿਆਨ ਦੀ ਅਗਵਾਈ ਵਿੱਚ ਚਲੇ ਤਾਂ ਸ਼ਾਇਦ ਕੋਈ ਭੁੱਲ ਨਾ ਹੋਵੇ ਪਰ ਐਸਾ ਨਹੀਂ ਹੁੰਦਾ ਕਿਉਂਕਿ ਮਨ ਸੁਭਾਅ ਅਨੁਸਾਰ ਪੱਕੇ ਸੰਸਕਾਰਾਂ ਦੀ ਲੀਹ ਵਿੱਚ ਤੁਰਦਾ ਰਹਿੰਦਾ ਹੈ। ਸੋ ਉਸ ਵੇਲੇ ਭਾਵਕ ਵਹਿਣ ਦਾ ਰੁੱਖ ਮੋੜਣ ਲਈ ਮਨੋਭਾਵਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ। ਇਹ ਮਨੋਭਾਵ ਅਧਿਆਤਮਕ ਸੰਗੀਤ ਰਾਹੀਂ ਵਧੇਰੇ ਪ੍ਰਬਲਤਾ ਨਾਲ ਪਰਿਵਰਤਤ ਕੀਤੇ ਜਾ ਸਕਦੇ ਹਨ।

ਭਗਤੀ ਲਹਿਰ ਇਕ ਸਫਲ ਤਜ਼ਰਬਾ ਸੀ ਜਿਸਨੂੰ ਗੁਰੂਆਂ ਸਵੀਕਾਰ ਕੀਤਾ ਤੇ ਆਪਣੇ ਧਰਮ ਪ੍ਰਚਾਰ ਦਾ ਮੁੱਖ ਮਾਧਿਅਮ ਬਣਾਇਆ।[5]

ਮਧਕਾਲੀਨ ਯੁੱਗ ਵਿੱਚ ਭਾਰਤੀ ਸੰਗੀਤ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ। ਦਰਬਾਰੀ ਸੰਗੀਤ ਨੇ ਮਨੁੱਖ ਨੂੰ ਆਚਰਣਹੀਣ ਬਣਾ ਦਿੱਤਾ ਸੀ ਸ਼ਾਇਦ ਇਸੇ ਕਰਕੇ ਹੀ ਮੁਸਲਮਾਨ ਧਰਮ ਨੇ ਸੰਗੀਤ ਨੂੰ ਆਪਣੇ ਧਾਰਮਿਕ ਰੀਤੀ ਰਿਵਾਜਾਂ ਵਿਚੋਂ ਕੱਢ ਦਿਤਾ ਹੋਵੇ ਪਰ ਫਿਰ ਵੀ ਉਹ ਸੰਗੀਤ ਤੋਂ ਖੁਲਾਸੀ ਪ੍ਰਾਪਤ ਨਾ ਕਰ ਸਕਿਆ ਕਿਉਂਕਿ ਮੁਸਲਮਾਨ ਧਰਮ ਦੀ ਰਹਿਤ ਮਰਯਾਦਾ ਕਹਿੰਦੀ ਹੈ ਕਿ ਬਾਂਗ ਸਦਾ ਖੁਸ਼ ਗੁਲੂ ਦੇਵੇ (ਭਾਵ ਮਿੱਠੇ ਤੇ ਸੋਜ਼ ਭਰੇ ਗਲੇ ਵਾਲਾ) ਅੱਗੇ ਚਲਕੇ ਸੂਫੀਆਂ ਨੇ ਸੰਗੀਤ ਨੂੰ ਅਪਣਾਇਆ ਇਸਦੇ ਬਾਵਜੂਦ ਇਕਬਾਲ ਕਹਿੰਦਾ ਹੈ ਕਿ ਕੌਮੀ ਬੁਨਿਆਦਾਂ ਦੀ ਤਕਦੀਰ ਤਲਵਾਰ ਔਰ ਢਾਲ ਦੇ ਸਿਰ ਤੇ ਹੈ ਸੰਗੀਤ ਉਸ ਤੋਂ ਬਾਦ ਵਿੱਚ –

ਮੈਂ ਤੁਝਕੋ ਬਤਾਤਾ ਹੂੰ ਤਕਦੀਰੇ ਉਮਸ ਕਿਆ ਹੈ।

ਸ਼ਮਸ਼ੀਰ ਔਰ ਸਨਾਂ ਅਵੱਲ ਤਾਉਸ ਉ ਰਬਾਬ ਆਖਰ।।

ਪਰ ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਉਲਝੇ ਹੋਏ ਤਾਣੇ ਨੂੰ ਸੁਰ ਕਰਨ ਲਈ ਰਬਾਬ ਨੂੰ ਪਹਿਲੇ ਨੰਬਰ ਤੇ ਲਿਆਂਦਾ। ਜਦੋਂ ਪਹਿਲੀ ਵਾਰ ਭਾਈ ਫਿਰੰਦੇ ਨੇ ਇਹ ਰਬਾਬ ਗੁਰੂ ਜੀ ਅੱਗੇ ਭੇਂਟ ਕੀਤੀ ਤੇ ਉਸ ਵੇਲੇ ਭਾਈ ਮਰਦਾਨਾ ਜੀ ਨੇ ਵਜਾਈ। ਜਨਮ ਸਾਖੀ ਅਨੁਸਾਰ ਇਸਦੇ ਮਧੁਰ ਸੰਗੀਤ ਨਾਲ ਗੁਰੂ ਬਾਬੇ ਦੀ ਕਈ ਘੰਟੇ ਸਮਾਧੀ ਲੱਗੀ ਰਹੀ। ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਨੇ ਰਬਾਬ ਦੀ ਮਧੁਰਤਾ ਤੇ ਰਸ ਨਾਲ ਜੋ ਵਾਤਾਵਰਣ ਉਸ ਵੇਲੇ ਬਣ ਗਿਆ ਉਸਨੂੰ ਕਾਵਿ ਮਈ ਅੰਦਾਜ਼ ਨਾਲ ਇਸ ਤਰਾਂ ਵਰਣਨ ਕੀਤਾ ਹੈ। ਇਸ ਸੰਗੀਤਕ ਧੁਨਿ ਦੀ ਛਬਿ ਨੂੰ ਸੁਣਨ ਲਈ ਜੜ ਚੀਜਾਂ ਚੇਤਨ ਤੇ ਚੇਤਨ ਜੜ ਹੋ ਗਈਆਂ। ਚੇਤਨ ਚੀਜ਼ਾਂ ਦੇ ਜੜ ਹੋਣ ਤੋਂ ਆਪਦਾ ਮਤਲਬ ਹੈ ਕਿ ਜੰਗਲ ਦੇ ਪਸ਼ੂ ਪੰਛੀ ਆਦਿਕ ਜਾਨਵਰ ਜਿਥੇ ਜਿਥੇ ਬੈਠ ਜਾਂ ਤੁਰ ਫਿਰ ਰਹੇ ਸਨ ਉਹ ਉਥੇ ਬੁੱਤ ਹੋ ਕੇ ਖਲੋ ਗਏ ਤੇ ਰਾਗ ਦੀ ਮਸਤੀ ਵਿੱਚ ਆਪਣਾ ਆਪ ਭੁੱਲ ਗਏ। ਮਸਤੀ ਤੇ ਵਜਦ ਦੀ ਹਾਲਤ ਵਿੱਚ ਆ ਕੇ ਬ੍ਰਿਛਾਂ ਬੂਟਿਆਂ ਵਿਚੋਂ ਰਸ ਚੋਣਾਂ ਸ਼ੁਰੂ ਹੋ ਗਿਆ। ਹੋਰ ਤੇ ਹੋਰ ਚਲਦੀ ਹੋਈ ਹਵਾ ਵੀ ਸੰਗੀਤ ਰਸ ਮਾਨਣ ਲਈ ਕੁਝ ਚਿਰ ਲਈ ਬਿਲਕੁਲ ਸਾਕੁਨ ਹੋ ਗਈ।[6]

**ਗੁਰਮਤਿ ਸੰਗੀਤ ਅਨੁਸਾਰ ਉਤਮ ਰਾਗ ਕਿਹੜਾ ਹੈ? —**

ਰਾਗ ਦੇ ਅਰਥ ਪ੍ਰੇਮ ਜਾਂ ਪਿਆਰ ਵਜੋਂ ਵੀ ਕੀਤੇ ਜਾਂਦੇ ਹਨ। ਕਿਉਂਕਿ ਪਿਆਰ ਤੋਂ ਬਿਨਾ ਗਾਉਣਾ ਅਸੰਭਵ ਹੈ। ਜਿਥੇ ਪਿਆਰ ਹੈ ਉਥੇ ਰਸ ਹੋਵੇਗਾ। ਉਥੇ ਹੀ ਲਿਵ ਲੱਗਣ ਦਾ ਵਸੀਲਾ ਹੋਵੇਗਾ। ਪਿਆਰ ਤੋਂ ਹੀ ਨਿਮਰਤਾ ਦਾ ਸਰੂਪ ਪ੍ਰਗਟ ਹੁੰਦਾ ਹੈ। ਇਸ ਤਰਾਂ ਰਾਗ ਪਿਆਰ ਦਾ ਹੀ ਦੂਸਰਾ ਰੂਪ ਹੈ। ਸੂਫੀ ਫਕੀਰ ਸਿਮੂਨ ਮੋਹਿਬ ਨੇ ਰਾਗ ਬਾਰੇ ਰੋਚਕ ਢੰਗ ਨਾਲ ਕਿਹਾ ਹੈ ਕਿ ''ਰਾਗ ਸੱਦ ਹੈ ਅੱਲਾ ਵਲੋਂ ਰੂਹ ਨੂੰ, ਰੂਹ ਦਾ ਜਵਾਬ ਇਸ ਸੱਦ ਨੂੰ ਕੀ ਹੈ, ਵਜਦ ਵਿੱਚ ਆ ਜਾਣਾ। ਗਸ਼ (ਮੂਰਛਾ) ਹੋ ਜਾਣੀ ਜਾਂ ਰੂਹ ਦਾ ਅੱਲਾ ਵਿੱਚ ਸਮਾਂ ਜਾਣਾ''।[7]

ਪਰ ਭਾਰਤੀ ਮਧਕਾਲੀਨ ਸੰਗੀਤਕਾਰਾਂ ਨੇ ਰਾਗ ਰਾਗਣੀਆਂ ਦੇ ਲੱਛਣ ਦਰਸਾਉਣ ਲਈ ਉਨਾਂ ਨੂੰ ਕਾਮੁਕ ਜਾਲ ਵਿਚੋਂ ਬਾਹਰ ਨਹੀਂ ਕੱਢਿਆ ਸਗੋਂ ਉਨਾਂ ਨੂੰ ਰੁਮਾਂਟਿਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਜਿਹੜੇ ਰਾਗਾਂ ਦੇ ਇਸ ਤਰਾਂ ਦੇ ਲੱਛਣ ਦਿਖਾਏ ਗਏ ਸਨ। ਉਹ ਮਨੁੱਖੀ ਮਨ ਨੂੰ ਕਿਵੇਂ ਸੁਰ ਕਰ ਸਕਦੇ ਹਨ। ਉਹ ਤਾਂ ਢਾਹੂ ਕਿਰਿਆਵਾਂ ਨੂੰ ਉਤਸ਼ਾਹ ਦੇ ਸਕਦੇ ਸਨ। ਉਦਾਹਰਣ ਲਈ ਮਧਕਾਲੀਨ ਸੰਗੀਤਕਾਰਾਂ ਨੇ ਬਸੰਤ ਅਤੇ ਹਿੰਡੋਲ ਦੋਹਾਂ ਰਾਗਾਂ ਦੇ ਲੱਛਣ ਦਰਸਾਉਣ ਲਈ ਉਨ੍ਹਾਂ ਨੂੰ ਸੁੰਦਰ ਯੁਵਤੀਆਂ ਨਾਲ ਘਿਰੇ ਹੋਏ ਵਿਖਾਇਆ ਹੈ। ਸੁੰਦਰ ਯੁਵਤੀਆਂ ਦੇ ਬਾਰੇ ਲੱਕ ਕਿਸੇ ਸਰੀਰਕ ਭੁੱਖ ਵੱਲ ਸੰਕੇਤ ਕਰਦੇ ਹਨ। ਪਰ ਗੁਰੂ ਅਮਰਦਾਸ ਜੀ ਦੇ ਬਸੰਤ ਜਾਂ ਬਸੰਤ ਹਿੰਡੋਲ ਵਿੱਚਲਾ ਨਾਇਕ ਜਾ ਨਾਇਕਾ ਦੋਵੇ ਹੱਡ ਚੰਮ ਦੀ ਸਤਾ ਤੋਂ ਉਚੇ ਸਹਿਜ ਪਿਆਰ ਦੇ ਲੋਚਕ ਹਨ। ਹੱਡ ਚੰਮ ਦੀ ਖੁਸ਼ੀ ਛਿਨ ਭੰਗਰੀ ਹੈ। ਇਹ ਝੱਟ ਖਿੜਕੇ ਪੱਟ ਕੁਮਲਾ ਜਾਂਦੀ ਹੈ। ਪਰ ਸਹਿਜ ਅਨੰਦ ਦਾ ਆਤਮਕ ਖੇੜਾ ਸਦੀਵੀ ਰੰਗ ਵਿੱਚ ਰੰਗਿਆ ਹੋਇਆ ਹੈ ਅਜਿਹਾ ਖੇੜਾ ਬਸੰਤ ਦੁਆਰਾ ਹਰਿ ਗੁਣ ਗਾਉਣ ਨਾਲ ਪ੍ਰਾਪਤ ਹੁੰਦਾ ਹੈ।[8]

ਤਿਨ ਬਸੰਤ ਜੋ ਹਰਿ ਗੁਣ ਗਾਇ॥
ਪੂਰੈ ਭਾਗਿ ਹਰਿ ਭਗਤਿ ਕਰਾਇ॥

(ਬਸੰਤ ਮਹਲਾ ੩ -ਪੰਨਾ 1176)

ਸੋ ਗੁਰੂ ਸਾਹਿਬਾਨਾਂ ਨੇ ਰਾਗਾਂ ਦੇ ਭਾਵਾਂ ਨੂੰ ਸਾਰਥਕ ਬਣਾਉਣ ਲਈ ਇਕ ਸੱਚਾ ਨਿਸਚਿਤ ਕੀਤਾ ਕਿ ਪ੍ਰਭੂ ਕੀਰਤੀ ਤੋਂ ਬਿਨਾਂ ਰਾਗ ਅਧੂਰੇ ਹਨ। ਸਰਬੋਤਮ ਰਾਗ ਹੀ ਉਸ ਨੂੰ ਮੰਨਿਆ ਜਿਸਦੇ ਸੁਣਨ ਨਾਲ ਪ੍ਰਭੂ ਪ੍ਰੀਤਮ ਦਾ ਹਿਰਦੇ ਵਿੱਚ ਵਾਸਾ ਹੋ ਜਾਂਦਾ ਹੈ। ਉਹ ਹੀ ਰਾਗ ਵਡਿਆਉਣ ਯੋਗ ਹਨ ਜਿਨ੍ਹਾਂ ਦੇ ਸੁਣਨ ਨਾਲ ਮਨ ਸ਼ਾਂਤ ਹੋ ਜਾਂਦਾ ਹੈ।

ਸਭਨਾ ਰਾਗਾਂ ਵਿਚ ਸੋ ਭਲਾ ਭਾਈ,
ਜਿਤੁ ਵਸਿਆ ਮਨਿ ਆਇ।।
ਰਾਗ ਨਾਦੁ ਸਭ ਸਚੁ ਹੈ,
ਕੀਮਤ ਕਹੀ ਨਾ ਜਾਇ।।

(ਸਲੋਕ ਵਾਰਾਂ ਤੇ ਵਧੀਕ -1423)

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ।।

(ਵਾਰ ਰਾਮਕਲੀ-958)

---

5. ਪਿਆਰਾ ਸਿੰਘ 'ਪਦਮ' ''ਸ੍ਰੀ ਗੁਰੂ ਗ੍ਰੰਥ ਪ੍ਰਕਾਸ਼'' - ਪੰਨਾ-256
6. 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਦੇ ਫਰਵਰੀ 1991 ਵਿੱਚ ਛਪੇ ਪ੍ਰੋ. ਹਰੀ ਸਿੰਘ ਦੇ ਲੇਖ 'ਸੰਗੀਤ ਦੀ ਮਹਿਮਾ' ਚੋਂ ਹਵਾਲਾ।
7. ਡਾ. ਬਲਬੀਰ ਸਿੰਘ ਦਿਲ -''ਅਮਰਕਵੀ ਗੁਰੂ ਅਮਰਦਾਸ'' - ਪੰਨਾ-79
8. ਡਾ. ਬਲਬੀਰ ਸਿੰਘ ਦਿਲ -''ਅਮਰਕਵੀ ਗੁਰੂ ਅਮਰਦਾਸ'' - ਪੰਨਾ-87

ਗੁਰਬਾਣੀ ਕੀਰਤਨ ਦੀਆਂ ਉੱਚਤਮ ਰਵਾਇਤਾਂ ਦੇ ਰਾਖੇ

# ਭਾਈ ਸੰਤਾ ਸਿੰਘ ਚਮਕ

**ਜੋਧ ਸਿੰਘ**

ਜਦ ਕਦੇ ਕਿਸੇ ਗੁਰਮੁੱਖ ਕੀਰਤਨੀਏ ਨੇ ਪੰਥ ਨੂੰ ਵਿਛੋੜਾ ਦਿੱਤਾ ਹੈ ਤਾਂ ਸਿੱਖ ਜਗਤ ਨੇ ਉਸ ਨੂੰ ਦਿਲਾਂ ਦੀ ਡੂੰਘਾਈ ਤੋਂ ਅਨੁਭਵ ਕੀਤਾ ਹੈ। ਪਿਆਰ ਸਤਿਕਾਰ ਦੇ ਹੰਝੂ ਕੇਰੇ ਹਨ ਤੇ ਉਸ ਕੀਰਤਨੀਏ ਲਈ ਗੁਰੂ ਸਾਹਿਬ ਪਾਸ ਅਰਜੋਈਆਂ ਅਰਦਾਸਾਂ ਕੀਤੀਆਂ ਹਨ। ਸਿੱਖ ਆਤਮਮਿਕ ਸੰਸਾਰ ਵਿਚ ਇਕ ਗੁਰਮੁਖ ਜੀਵਨ ਵਾਲਾ ਨਿਪੁੰਨ ਕੀਰਤਨੀਆ ਹਰ ਕੀਰਤਨ ਪ੍ਰੇਮੀ ਲਈ ਪੁਤਰਾਂ ਵਾਂਗ ਪਿਆਰਾ ਹੁੰਦਾ ਹੈ, ਜਿਸ ਦੇ ਆਉਣ ਦੀ ਸਦਾ ਉਡੀਕ, ਸੁਣਨ ਦਾ ਸਦੀਵੀ ਚਾਅ ਤੇ ਦਰਸ਼ਨਾਂ ਦੀ ਅਮਿੱਟ ਭੁੱਖ ਹੁੰਦੀ ਹੈ।

86 ਵਰ੍ਹਿਆਂ ਦੀ ਪੱਕੀ ਅਵਸਥਾ ਵਿਚ, ਪੂਰੇ 65 ਸਾਲ ਲਗਾਤਾਰ ਗੁਰਬਾਣੀ ਦਾ ਮਿੱਠਾ, ਰਸਭਿੰਨਾ ਤੇ ਹਿਰਦੇ ਟੁੰਬਣ ਵਾਲੀ ਵਿਆਖਿਆ ਨਾਲ ਭਰਪੂਰ ਨਿਰਲੋਭ ਕੀਰਤਨ ਦੀ ਲੰਬੀ ਸੇਵਾ ਕਰਨ ਮਗਰੋਂ ਭਾਈ ਸਾਹਿਬ ਸੰਤਾ ਸਿੰਘ ਚਮਕ ਦਾ 28 ਫਰਵਰੀ 1990 ਨੂੰ ਸਵੇਰੇ 6 ਵਜੇ ਅਕਾਲ ਚਲਾਣਾ ਸਿੱਖ ਜਗਤ ਲਈ ਇਕ ਅਜਿਹੀ ਘਟਨਾ ਹੈ ਜਿਸ ਨੇ ਉਨ੍ਹਾਂ ਦੇ ਲੱਖਾਂ ਸਰੋਤਿਆਂ ਦੀਆਂ ਅੱਖਾਂ ਵਿਚ ਹੰਝੂ ਲਿਆਂਦੇ। ਉਨ੍ਹਾਂ ਸੰਤੁਸ਼ਟ ਸਾਦਾ ਜੀਵਨ, ਨਿਮਰਤਾ ਭਰਪੂਰ ਨਿਸ਼ਕਾਮ ਬੋਲ-ਵਿਹਾਰ, ਗੁਰਬਾਣੀ ਦੀ ਸੂਝ, ਸਮਝ, ਜਾਪ, ਗਾਇਨ ਕਰਨ ਵਾਲੀ ਆਤਮਾ, ਦਗ-ਦਗ ਕਰਦੇ ਭਰਵੇਂ ਚਿਹਰੇ ਤੇ ਪਵਿੱਤਰ ਪ੍ਰਕਾਸ਼, ਗੁਰਬਾਣੀ ਕੀਰਤਨ ਕਰਨ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿਣ ਦਾ ਚਾਅ, ਜੀਵਨ ਦੇ ਭਰਪੂਰ ਅਮਲ ਵਿਚ ਲਿਆਂਦਾ। ਗੁਰੂ ਉਪਦੇਸ਼ ਤੇ ਉਸ ਵਿਚੋਂ ਉਪਜਣ ਵਾਲੇ ਤੇ ਡੂੰਘੀ ਪ੍ਰੇਰਕ ਸ਼ਕਤੀ ਵਾਲੇ ਬਚਨ ਕਰਨ ਵਾਲਾ ਗੁਰਮੁਖ ਕੀਰਤਨੀਆ ਸਿੱਖ-ਸੰਗਤਾਂ ਤੋਂ ਵਿੱਛੜ ਗਿਆ।

ਆਪਣੇ ਸਾਇਕਲ ਦੇ ਪਿੱਛੇ ਹਾਰਮੋਨੀਅਮ ਬੰਨ੍ਹ ਕੇ, ਸਾਦੇ ਚਿੱਟੇ ਕਪੜਿਆਂ ਵਿਚ, ਗੁਰਮੁਖ ਸਰੂਪ ਭਾਈ ਸੰਤਾ ਸਿੰਘ 'ਚਮਕ' ਧੁਰ ਤੋਂ ਕੋਈ ਨਿਵੇਕਲੀ ਮਿਹਰ ਭਰੀ

ਨਜ਼ਰ ਨਾਲ ਨਿਵਾਜਿਆ ਗੁਰੂ ਕੀਰਤਨੀਆ ਸੀ, ਜਿਸ ਨੂੰ 17 ਸਾਲ ਦੀ ਉਮਰ ਵਿਚ ਗੁਰਬਾਣੀ ਪੜ੍ਹਨ, ਸੁਨਣ, ਸਮਝਣ ਅਤੇ ਗਾਇਨ ਦੀ ਅੱਤੁਟ ਲਗਨ ਲੱਗ ਗਈ ਜਦ ਇਨ੍ਹਾਂ ਦੇ ਚਾਚਾ ਸ੍ਰ. ਸੁੱਚਾ ਸਿੰਘ ਜੀ 1921 ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਵਿਚ ਸ਼ਹੀਦੀ ਪ੍ਰਾਪਤ ਕਰ ਗਏ। ਆਪਣੇ ਮਾਮਾ ਸ੍ਰ. ਪ੍ਰਤਾਪ ਸਿੰਘ ਤੋਂ ਕੀਰਤਨ ਦੀ ਸਿਖਿਆ ਤਾਂ ਪ੍ਰਾਪਤ ਕਰ ਹੀ ਰਹੇ ਸਨ। ਹੁਣ ਇਸ ਸ਼ਹੀਦੀ ਤੋਂ ਪ੍ਰੇਰਤ ਹੋ ਕੇ ਆਪਣਾ ਜੀਵਨ ਹੀ ਕੀਰਤਨ ਦੀ ਸੇਵਾ ਲਈ ਅਰਪਨ ਕਰ ਦਿੱਤਾ। ਕੀਰਤਨ ਆਤਮਾਂ ਦੀ ਖੁਰਾਕ ਬਣ ਗਈ। ਗੁਰਬਾਣੀ ਦਾ ਡੂੰਘਾ ਅਧਿਐਨ ਅਰੰਭ ਕੀਤਾ। ਸਿੱਖੀ ਜੀਵਨ ਦਾ ਇੱਕ ਨਿਰੰਤਰ ਅਮਲ ਆਰੰਭ ਹੋਇਆ। ਸੂਝ ਤਾਂ ਤੀਖਣ ਹੈ ਹੀ ਸੀ, ਉਸਨੂੰ ਗਿਆਨ ਦੇ ਚਾਨਣ ਤੇ ਗਾਇਨ ਦੀ ਮਸਤੀ ਵਿਚ ਲਿਆ ਕੇ ਇੱਕ ਅਨੋਖੇ ਵਿਅਕਤਿਤਵ ਦਾ ਪ੍ਰਕਾਸ਼ ਕੀਤਾ। ਇਹ ਪ੍ਰਕਾਸ਼ ਭਾਈ ਸੰਤਾ ਸਿੰਘ ਜੀ ਦਾ ਇਕ ਨਵੇਕਲਾ ਜੀਵਨ ਉਪਦੇਸ਼, ਵਿਚਰਨ ਦਾ ਢੰਗ, ਵਿਹਾਰ ਕਾਰ ਦਾ ਆਦਰਸ਼ ਤੇ ਸਿੱਖ ਸਮਾਜ ਦੀ ਸੇਵਾ ਦਾ ਆਦਰਸ਼ ਬਣ ਕੇ ਉਭਰਿਆ'।

-ਸਾਰੀ ਉਮਰ ਕਿਸੇ ਤੋਂ ਕੀਰਤਨ ਦਾ ਮੋਖ ਨਹੀਂ ਮੰਗਿਆ। ਆਪਣੀ ਡਾਇਰੀ ਵਿਚ ਉਹ ਨਿੱਤ ਦੇ ਕੀਰਤਨ ਰੁਝੇਵੇਂ ਨੋਟ ਕਰ ਲੈਂਦੇ ਤੇ ਉਥੇ ਸਮੇਂ ਸਿਰ ਪਹੁੰਚ ਜਾਂਦੇ। ਜੋ ਪਹਿਲਾਂ ਆਇਆ ਉਸ ਦੀ ਪਹਿਲ, ਜੋ ਬਾਅਦ ਵਿਚ ਆਇਆ ਉਹ ਭਾਵੇਂ ਸਰਬ ਸਮਰਥ ਹੋਵੇ ਉਸ ਤੋਂ ਖਿਮਾਂ ਮੰਗ ਲੈਂਦੇ।

-ਜੇਕਰ ਆਪ ਘਰ ਨਾ ਹੁੰਦੇ ਤਾਂ ਕੀਰਤਨ ਦੇ ਅਭਿਲਾਸ਼ੀ ਆਪ ਦੇ ਘਰ ਆਕੇ ਆਪ ਦੀ ਡਾਇਰੀ ਵਿਚ ਸਮਾਂ, ਸਥਾਨ ਤੇ ਪ੍ਰਯੋਜਨ ਲਿਖ ਜਾਂਦੇ। ਆਪ ਆਪਣੇ ਜਥੇ ਸਮੇਤ ਉਥੇ ਪਹੁੰਚ ਜਾਂਦੇ। ਮਾਇਆ ਵੱਲ ਮਨ ਦੀ ਬਿਰਤੀ ਨਾ ਹੋਣ ਕਰਕੇ, ਕੀਰਤਨ ਵਿਚ ਖਾਸ ਆਨੰਦ ਹੁੰਦਾ। ਜੋ ਗੁਰੂ ਵਲੋਂ ਮਿਲਦਾ ਉਹ ਪ੍ਰਵਾਨ ਕਰਦੇ। ਸੰਗਤਾਂ ਉਹਨਾਂ ਦਾ ਪਵਿੱਤਰ ਪ੍ਰਭਾਵ ਗ੍ਰਹਿਣ ਕਰਦੀਆਂ। ਗੁਰਮਤਿ ਦਾ ਸੁਤੇ ਸਿੱਧ ਪ੍ਰਚਾਰ ਹੁੰਦਾ।

ਜਿਸ ਦਿਨ ਕੀਰਤਨ ਦੀ ਸੇਵਾ ਲਈ ਬਾਹਰ ਜਾਣ ਦੀ ਰੁਚੀ ਨਾ ਹੁੰਦੀ ਜਾਂ ਕੋਈ ਘਰੋਗੀ ਮਜ਼ਬੂਰੀ ਹੁੰਦੀ ਤਾਂ ਆਪਣੀ ਡਾਇਰੀ ਵਿਚ ਅਗਾਊ ਨੋਟ ਕਰ ਦਿੰਦੇ 'ਕੀਰਤਨ ਨਾ ਲਿਖਣਾ ਘਰ ਜ਼ਰੂਰੀ ਕੰਮ ਹੈ।'

ਆਪਣਾ ਇਹ ਨਿਯਮ ਜੋ ਗੁਰਬਾਣੀ ਕੀਰਤਨ ਦੀਆਂ ਉਤਮ ਰਵਾਇਤਾਂ ਦੇ ਅਨੁਕੂਲ ਸੀ, ਸਾਰੀ ਉਮਰ ਬੜੀ ਦ੍ਰਿੜਤਾ ਨਾਲ ਨਿਭਾਇਆ। ਇਕ ਦਿਨ ਗੁਰੂ ਮਹਾਰਾਜ ਨੇ ਇਸ ਨਿਰਲੋਭ ਕੀਰਤਨੀਏ ਦੀ ਜਿਵੇਂ ਪ੍ਰੀਖਿਆ ਲਈ-ਇਕ ਬੜੇ ਧਨਾਢ ਤੇ ਜ਼ਿੱਦੀ ਸਿੱਖ ਨੂੰ ਭੇਜ ਦਿੱਤਾ।

-'ਭਾਈ ਸਾਹਿਬ ਦੇ ਘਰ ਆਕੇ ਕੀਰਤਨ ਲਈ ਬੇਨਤੀ ਕੀਤੀ ਡਾਇਰੀ ਵਿਚ ਉਹ ਸਮਾਂ ਕਿਸੇ ਹੋਰ ਦੇ ਲਈ ਨੀਯਤ ਸੀ। ਭਾਈ ਸਾਹਿਬ ਨੇ ਮਜਬੂਰੀ ਜਾਣ ਹੱਥ ਜੋੜ ਖਿਮਾਂ ਮੰਗੀ। ਉਹ ਸਿੱਖ ਬਜ਼ਿੱਦ ਸੀ। ਸਧਾਰਨ ਲੋਕਾਂ ਉੱਤੇ ਉਹ ਆਪਣੀ ਮਾਇਆ ਦਾ ਜਾਦੂ ਚਲਾਣਾ ਜਾਣਦਾ ਸੀ। ਉਸ ਨੇ ਜਾਣਿਆ ਇਹ ਜਾਦੂ ਭਾਈ ਸਾਹਿਬ ਤੇ ਵੀ ਚਲ ਜਾਏਗਾ।' ਬੜੀ ਚੁਸਤੀ ਨਾਲ ਭਾਈ ਸਾਹਿਬ ਤੋਂ ਡਾਇਰੀ ਲੈ ਕੇ ਪਹਿਲਾਂ ਲਿਖਿਆ ਪ੍ਰੋਗਰਾਮ ਕੱਟ ਕੇ ਉਸ ਦੀ ਥਾਂ ਆਪਣਾ ਨਾਮ, ਪਤਾ ਆਦਿ ਲਿਖ ਕੇ ਨਾਲ ਹੀ ਇਕ ਹਜ਼ਾਰ ਰੁਪੈ ਭੇਟਾ ਵੀ ਨੋਟ ਕਰ ਦਿੱਤੀ। ਭਾਈ ਸਾਹਿਬ ਦੇ ਅੱਗੇ ਡਾਇਰੀ ਰੱਖ ਕੇ ਪੁੱਛਣ ਲੱਗਾ, 'ਲਉ ਮਹਾਰਾਜ, ਹੁਣ ਤੇ ਦਰਸ਼ਨ ਦਿਓਗੇ?'

ਭਾਈ ਸਾਹਿਬ ਨੇ ਰਤੀ ਸੋਚ ਕੇ ਜੁਆਬ ਦਿੱਤਾ। 'ਹਾਂ, ਗੁਰਮੁਖਾ ਆਵਾਂਗੇ, ਪਰ ਤੁਸਾਂ ਅੱਜ ਤੋਂ ਮੈਨੂੰ ਵਿਕਣ ਲਾ ਦਿੱਤਾ ਹੈ। ਹੁਣ ਤਾਂ ਤੁਸੀਂ ਖਰੀਦ ਕੇ ਲੈ ਚਲੋ, ਜੇਕਰ ਮਗਰੋਂ ਕੋਈ ਹੋਰ ਵਧੇਰੇ ਮੁੱਲ ਤਾਰਨ ਵਾਲਾ ਆ ਗਿਆ ਤਾਂ ਤੁਹਾਡਾ ਨਾਮ ਕੱਟਿਆ ਜਾਵੇਗਾ ਤੇ ਉਪਰ ਉਸ ਦਾ ਲਿਖਿਆ ਜਾਵੇਗਾ।' ਉਸ ਧਨਾਢ ਸਿੱਖ ਨੂੰ ਭਾਈ ਸਾਹਿਬ ਦੀ ਰਮਜ਼ ਕਾਟ ਕਰ ਗਈ। ਆਪਣੀ ਭੁੱਲ ਸਮਝ ਗਿਆ।' ਭਾਈ ਸਾਹਿਬ ਦੇ ਗੋਡੇ ਹੱਥ ਲਾਇਆ ਕਹਿਣ ਲੱਗਾ, ਮੈਂ ਇਸ ਪਾਪ ਦਾ ਭਾਗੀ ਨਹੀਂ ਬਣਾਂਗਾ।' ਤੁਸੀਂ ਆਪਣਾ ਪਹਿਲਾਂ ਨੀਯਤ ਪ੍ਰੋਗਰਾਮ ਹੀ ਨਿਭਾਓ।'

ਇਸ ਘਟਨਾ ਤੋਂ ਭਾਈ ਸਾਹਿਬ ਦੀ ਅਸੂਲਪ੍ਰਸਤੀ ਤੇ ਨਿਰਲੋਭ ਦ੍ਰਿਸ਼ਟੀ ਦੇ ਨਾਲ ਉਹਨਾਂ ਦੀ ਸੂਖਮ ਸੋਚ, ਦਲੀਲ ਸ਼ਕਤੀ ਤੇ ਮੌਕਾ ਸੰਭਾਲਣ ਦੀ ਯੋਗਤਾ ਦਾ ਪਤਾ ਲੱਗਦਾ ਹੈ। ਭਾਈ ਸਾਹਿਬ, ਇਸ ਦ੍ਰਿਸ਼ਟੀ ਤੇ ਆਧਾਰਤ ਉੱਚੇ ਜੀਵਨ ਨਾਲ ਸਾਰੇ ਹਿੰਦੁਸਤਾਨ ਵਿਚ ਵਿੱਚਰੇ। ਅਣਵੰਡੇ ਮੁਲਕ ਵਿਚ ਪਿਸ਼ਾਵਰ ਤੋਂ ਕਲਕੱਤਾ ਤੇ ਕਸ਼ਮੀਰ ਤੋਂ ਹਜ਼ੂਰ ਸਾਹਿਬ ਤੱਕ ਥਾਂ ਥਾਂ ਵਿੱਚਰੇ। ਬੜਾ ਡੂੰਘਾ ਸਿੱਖੀ ਪ੍ਰਭਾਵ ਪਸਰਿਆ।

ਮੇਰੇ ਪੁੱਛਣ ਤੇ ਆਪ ਜੀ ਦੇ ਪੋਤੇ ਸ: ਨਰਿੰਦਰ ਸਿੰਘ ਨੇ ਉਹਨਾਂ ਦੇ ਨਿੱਤ ਵਿਹਾਰ ਤੇ ਘਰੇਗੀ ਜੀਵਨ ਬਾਰੇ ਦਸਿਆ:-

'ਭਾਈ ਸੰਤਾ ਸਿੰਘ ਜੀ ਦੇ ਮੁਢਲੇ ਜੀਵਨ ਤੇ ਆਪਣੀ ਮਾਤਾ ਮਹਾਂ ਕੌਰ ਤੇ ਪਿਤਾ ਵਰਿਆਮ ਸਿੰਘ ਜੀ ਦਾ ਵਿਸ਼ੇਸ਼ ਪ੍ਰਭਾਵ ਸੀ। ਆਪ ਜੀ ਦੀ ਪਤਨੀ ਬੀਬੀ ਧੰਨ ਕੌਰ ਦਾ ਨਾਨਕਾ ਨਗਰ ਕਰਤਾਰਪੁਰ ਸੀ। 1966 ਵਿਚ ਪਤਨੀ ਦਾ ਸਵਰਗਵਾਸ ਹੋ ਗਿਆ।

ਆਪ ਸਵੇਰੇ ਢਾਈ ਵਜੇ ਜਾਗ ਪੈਂਦੇ। ਇਸ਼ਨਾਨ, ਨਿਤਨੇਮ ਕਰਨ ਉਪਰੰਤ ਕੀਰਤਨ ਦਾ ਅਭਿਆਸ ਕਰਦੇ ਤੇ ਸ਼ਬਦਾਂ ਦੀ ਵਿਆਖਿਆ ਤੇ ਅਰਥ ਸਮਝਣ ਲਈ ਪੁਸਤਕਾਂ ਦਾ ਅਧਿਐਨ ਕਰਦੇ। ਜਿਸ ਵਿਸ਼ੇ ਤੇ ਬੋਲਣਾ ਹੁੰਦਾ ਉਸ ਬਾਰੇ ਪੂਰੀ ਤਿਆਰੀ ਕਰਦੇ ਤੇ ਲਿਖਤੀ ਨੋਟ ਵੀ ਲੈਂਦੇ। ਬਿਰਤੀ ਵਿਚ ਇਤਨੀ ਕਲਾ ਸੂਝ ਸੀ ਕਿ ਆਪਣੇ ਕਪੜੇ ਆਪ ਸੀਂਦੇ, ਮੰਜੀਆਂ ਉਣ ਲੈਂਦੇ, ਆਪਣੀਆਂ ਖਰੀਦੀਆਂ ਪੁਸਤਕਾਂ ਦੀਆਂ ਜਿਲਦਾਂ ਵੀ ਆਪ ਹੀ ਬਣਾਂਦੇ।

ਸੰਗੀਤ ਕਲਾ ਵਿਚ ਪ੍ਰਬੀਨ ਹੋਣ ਨਾਲ ਆਪ ਗੁਰਬਾਣੀ ਦਾ ਵਿਸ਼ਾਲ ਤੇ ਡੂੰਘਾ ਅਭਿਆਸ ਕਰਦੇ। ਗੁਰਬਾਣੀ ਦੀ ਵਿਆਖਿਆ ਕਰਦਿਆਂ ਉਹ ਅੱਧਾ-ਅੱਧਾ ਘੰਟਾ ਕੇਵਲ ਗੁਰਬਾਣੀ ਦੇ ਮੇਲਵੇਂ ਤੇ ਢੁਕਦੇ ਪ੍ਰਮਾਣਾਂ ਨਾਲ ਉਸ ਮਜ਼ਮੂਨ ਨੂੰ ਅੱਗੇ ਟੋਰਦੇ ਤੇ ਨਿਭਾਂਦੇ। ਅਜਿਹਾ ਕਰਦਿਆਂ ਉਹ ਆਪਣਾ ਇਕ ਲਫਜ਼ ਵੀ ਗੁਰਬਾਣੀ ਤੋਂ ਬਾਹਰੋਂ ਨਾ ਬੋਲਦੇ। ਪੰਜਾਬੀ ਬੋਲੀ ਅਤੇ ਗੁਰਬਾਣੀ ਤੇ ਇਤਨੀ ਪਕੜ ਸੀ ਕਿ ਉਹ ਔਖੇ ਅਧਿਆਤਮਿਕ ਪ੍ਰਸੰਗ ਆਪਣੀ ਸ਼ੁੱਧ, ਸਾਦਾ ਤੇ ਆਮ ਸਮਝ ਵਾਲੀ ਭਾਸ਼ਾ ਦੁਆਰਾ ਬਿਆਨ ਕਰਦੇ।

ਸਾਜ਼ ਸੰਗੀਤ ਲਈ ਸਾਜ਼ਾਂ ਦਾ ਸੁਰ ਹੋਣਾ ਜ਼ਰੂਰੀ ਹੈ। ਪ੍ਰੰਤੂ ਗੁਰਬਾਣੀ ਕੀਰਤਨ ਲਈ ਸਾਜ਼, ਆਵਾਜ਼ ਤੇ ਕੀਰਤਨੀਏ ਦੀ ਆਤਮਾ ਦੀ ਤਿਕੋਨੀ ਇਕਸੁਰਤਾ ਚਾਹੀਦੀ ਹੈ। ਭਾਈ ਸਾਹਿਬ ਨੂੰ ਇਸ ਗੱਲ ਦਾ ਗਿਆਨ ਸੀ ਕਿ ਅਨਰਸਾਂ ਤੇ ਮਾਇਆ ਦੀ ਖਿੱਚ ਵਿਚ ਗੁਆਚਿਆ ਮਨ ਕੀਰਤਨ ਵਿਚ ਨਹੀਂ ਜੁੜ ਸਕਦਾ। ਕੇਵਲ ਗੁਰੂ ਚਰਨਾਂ ਵਿਚ ਜੁੜਿਆ ਮਨ ਹੀ ਆਪ ਮੁਕਤ ਤੇ ਮੁਗਧ ਹੋ ਸਕਦਾ ਹੈ ਤੇ ਸਾਧ ਸੰਗਤ ਦੇ ਮਨਾਂ ਨੂੰ

ਮੋੜ ਕੇ ਗੁਰੂ ਚਰਨਾਂ ਨਾਲ ਜੋੜ ਸਕਦਾ ਹੈ। ਇਸ ਸੋਚ ਨੂੰ ਭਾਈ ਸਾਹਿਬ ਨੇ ਅਪਣਾਇਆ ਤੇ ਪ੍ਰਚਾਰਿਆ।

ਪ੍ਰਸਿੱਧੀ ਤੇ ਦੁਨਿਆਵੀ ਪ੍ਰਸੰਸਾ ਦੀ ਇੱਛਾ ਤੇ ਭਾਲ ਆਤਮਿਕ ਪੰਧ ਦੇ ਪਾਂਧੀ ਲਈ ਇਤਨੀ ਹੀ ਮਾਰੂ ਤੇ ਹਾਨੀਕਾਰਕ ਹੈ ਜਿਤਨੀ ਮਾਇਆ। ਭਾਈ ਸਾਹਿਬ ਨੇ ਆਪਣੀ ਹਰ ਪੱਖ ਤੋਂ ਉੱਚੀ ਯੋਗਤਾ ਤੇ ਕੀਰਤਨ ਕਲਾ ਵਿਚ ਨਿਪੁੰਨਤਾ ਦੇ ਬਾਵਜੂਦ ਕਦੇ ਵੀ ਰੇਡੀਓ ਜਾਂ ਦੂਰਦਰਸ਼ਨ ਤੇ ਪ੍ਰੋਗਰਾਮ ਕਰਨ ਦੀ ਇੱਛਾ ਪ੍ਰਗਟ ਨਹੀਂ ਕੀਤੀ। ਮੇਰੇ ਨਾਲ ਲੰਬਾ ਸੰਪਰਕ ਰਿਹਾ ਪ੍ਰੰਤੂ ਆਪ ਸੱਚੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਨ ਵਿਚ ਸਭ ਤੋਂ ਵੱਡਾ ਮਾਣ ਤੇ ਉਚਤਮ ਪ੍ਰਾਪਤੀ ਸਮਝਦੇ।

ਮੇਰੀ ਇਕ ਖਾਮੋਸ਼ ਇੱਛਾ ਹੈ ਕਿ ਪੰਥ ਦੀ ਇਕ ਗੁਪਤ ਸੰਸਥਾ ਅਜਿਹੇ ਨਿਰਮਾਣ, ਸੰਤੋਖੀ, ਕਥਨੀ ਕਰਨੀ ਦੇ ਸੂਰੇ, ਰਹਿਣੀ-ਬਹਿਣੀ ਦੇ ਆਦਰਸ਼ਕ ਗੁਰਸਿੱਖਾਂ ਦੀ ਭਾਲ-ਪਛਾਣ ਕਰ ਸਕੇ ਤੇ ਉਹਨਾਂ ਨੂੰ ਪਰੇਰ ਕੇ ਪੰਥ ਦੀਆਂ ਪਵਿੱਤਰ ਤੇ ਉਚੀਆਂ ਪਦਵੀਆਂ ਤੇ ਸ਼ਸ਼ੋਭਤ ਕਰੇ। ਇਸ ਪੱਖ ਤੋਂ ਭਾਈ ਸੰਤਾ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾਂ ਪਾਵਨ ਤਖਤਾਂ ਦੀ ਕਿਸੇ ਸੇਵਾ ਦੇ ਵੀ ਯੋਗ ਸਨ। ਪਰੰਤੂ ਆਪ ਨੇ ਕਦੇ ਕਿਸੇ ਪਦਵੀ ਦੀ ਇੱਛਾ ਨਹੀਂ ਕੀਤੀ।

ਪੰਥ ਦੇ ਕੀਰਤਨੀਏ ਹਮੇਸ਼ਾ ਗੁਰਸਿੱਖੀ ਦੇ ਪ੍ਰਚਾਰ ਵਿਚ ਮੋਢੀ ਰਹੇ ਹਨ। ਭਾਈ ਮਰਦਾਨਾ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸਾਥੀ ਕੀਰਤਨੀਆ ਸੀ ਜਿਸ ਨੇ ਰਬਾਬ ਨਾਲ ਗੁਰੂ ਜੀ ਦਾ ਸਾਥ ਦਿੱਤਾ। ਸਿੱਖੀ ਦੇ ਸਭ ਤੋਂ ਮਹਾਨ ਪ੍ਰਚਾਰਕ, ਸੰਤ ਕੀਰਤਨੀਏ ਹੀ ਹੋਏ ਹਨ। ਵੀਹਵੀਂ ਸਦੀ ਦੇ ਪ੍ਰਚਾਰਕ, ਸੰਤ ਕੀਰਤਨੀਏ ਭਾਈ ਹੀਰਾ ਸਿੰਘ ਫਾਰੂਕੇ ਵਾਲੇ ਜਦ 46 ਸਾਲ ਦੀ ਉਮਰ ਵਿਚ ਭਰਪੂਰ ਸਿੱਖੀ ਪ੍ਰਚਾਰ ਕਰਦੇ 1926 ਵਿਚ ਪੰਥ ਨੂੰ ਵਿਛੋੜਾ ਦੇ ਗਏ ਤਾਂ ਲੱਖਾਂ ਸਰੋਤਿਆਂ ਨੇ ਭਾਈ ਸਾਹਿਬ ਵੀਰ ਸਿੰਘ ਸਮੇਤ. ਉਨ੍ਹਾਂ ਦੀ ਜਾਦੂ ਕਥਨੀ ਦੀ ਪਵਿੱਤਰ ਯਾਦ ਵਿਚ ਹੰਝੂ ਕੇਰੇ। 1935 ਵਿਚ ਭਾਈ ਸਾਹਿਬ ਸੁੰਦਰ ਸਿੰਘ ਦਰਬਾਰ ਸਾਹਿਬ ਦੇ ਹਜ਼ੂਰੀ ਕੀਰਤਨੀਏ ਜਦ ਸ਼ਹੀਦ ਹੋਏ ਤਾਂ ਉਸ ਵਿਛੋੜੇ ਨੇ ਪੰਥ ਨੂੰ ਬਿਹਬਲ ਕੀਤਾ। ਸੰਤ ਕੀਰਤਨੀਏ ਤੇ ਅਣੱਥਕ ਪ੍ਰਚਾਰਕ ਭਾਈ ਜਵਾਲਾ ਸਿੰਘ ਠੱਟੇ ਟਿੱਬੇ ਵਾਲੇ 60 ਸਾਲ ਕੀਰਤਨ ਦੀ ਸੇਵਾ ਮਗਰੋਂ 1962 ਵਿਚ ਪਰਲੋਕ ਸਿਧਾਰੇ, ਇਨ੍ਹਾਂ ਸਾਲਾਂ ਵਿਚ ਹੀ, ਦੀਵਾਨ ਭਾਈ ਚੇਲਾ ਰਾਮ ਅਤੇ ਸਾਰੇ ਪਰਿਵਾਰ ਸਮੇਤ

ਕੀਰਤਨ ਪ੍ਰਚਾਰ ਕਰਨ ਵਾਲੇ ਸਰੀਰ ਤਿਆਗ ਗਏ ਤਾਂ ਕੀਰਤਨ ਦੇ ਖੇਤਰ ਵਿਚ ਬੜੀ ਵੱਡੀ ਘਾਟ ਪਈ। ਭਾਈ ਸੁਰਜਨ ਸਿੰਘ ਤੇ ਭਾਈ ਗੁਪਾਲ ਸਿੰਘ ਦੋ ਨੇਤਰ-ਹੀਣ ਰਾਗੀਆਂ ਨੇ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਾ ਕੇ ਕੀਰਤਨ ਦੀ ਕਰਾਮਾਤ ਦੇ ਦ੍ਰਿਸ਼ ਵੇਖਣ ਵਿਚ ਲਿਆਂਦੇ। ਸਾਰੀ ਰਾਤ ਕੀਰਤਨ ਕਰਦੀਆਂ ਤੇ ਸੁਣਦੀਆਂ ਸੰਗਤਾਂ, ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਨਾਲ ਖਚਾ-ਖਚ ਭਰੀਆਂ ਪ੍ਰਕਰਮਾਂ ਭਾਈ ਗੁਪਾਲ ਸਿੰਘ ਦੁਆਰਾ ਹੋ ਰਹੇ ਕੀਰਤਨ ਦੇ ਇਲਾਹੀ ਪ੍ਰਭਾਵ ਨੂੰ ਦਰਸਾਂਦੀਆਂ। 1971 ਵਿਚ ਇਸ ਸਦੀ ਦਾ ਬੇਮਿਸਾਲ ਸੰਗੀਤਕਾਰ ਭਾਈ ਸਮੁੰਦ ਸਿੰਘ, ਜਾਦੂਅਸਰ ਆਵਾਜ਼ ਵਾਲਾ ਕੀਰਤਨੀਆ ਤੇ ਗੁਰਬਾਣੀ ਦਾ ਵਿਦਵਾਨ ਜਿਸ ਨੂੰ ਰੇਡੀਓ ਤੇ ਸਾਰੇ ਹਿੰਦੁਸਤਾਨ ਨੇ ਸੁਣਿਆ ਸੀ, ਪੰਥ ਨੂੰ ਵਿਛੋੜਾ ਦੇ ਗਿਆ। ਇਕ ਇਕ ਕਰਕੇ ਇਹ ਸਾਰੇ ਕੀਰਤਨੀਏ ਗੁਰੂ ਚਰਨਾਂ ਵਿਚ ਬਿਰਾਜ ਗਏ। ਭਾਈ ਸੰਤਾ ਸਿੰਘ ਚਮਕ ਇਸ ਮਾਲਾ ਦੇ ਇਕ ਮੋਤੀ ਤੇ ਇਸੇ ਪਵਿੱਤਰ ਲੜੀ ਦੇ ਵੱਡਮੁੱਲੇ ਹੀਰੇ ਸਨ ਜਿਨ੍ਹਾਂ ਨੇ ਅਕਾਲ ਪੁਰਖ ਦੀ ਇਸ ਦਾਤ ਨੂੰ ਦੂਰ-ਦੂਰ ਜਾਕੇ ਖੁਲ੍ਹੇ ਦਿਲ ਨਾਲ ਵੰਡਿਆ। ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਘਰ ਘਰ ਪਹੁੰਚਾਇਆ।

ਆਪ ਮੁਕਤੁ, ਮੁਕਤੁ ਕਰੇ ਸੰਸਾਰੁ
ਨਾਨਕ ਤਿਸ ਜਨ ਕਉ ਸਦਾ ਨਮਸਕਾਰੁ।

-------

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

ਡਾ. ਜਾਗੀਰ ਸਿੰਘ

*ਨਵੰਬਰ, 1992 ਅੰਕ ਤੋਂ ਅੱਗੇ*

**ਰਾਗ ਰਾਮਕਲੀ** -

ਇਸ਼ ਰਾਗ ਦੀ ਬਾਣੀ ਵਿੱਚ ਜੋਗਮਤ ਦੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਹੋਇਆ ਹੈ। ਅਸਲੀ ਜੋਗ ਅਤੇ ਅਸਲੀ ਆਨੰਦ ਦੀ ਪ੍ਰਾਪਤੀ ਦਾ ਅਨੁਭਵ ਪ੍ਰਗਟਾਇਆ ਗਿਆ ਹੈ:

ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਜਾਈ [1]

ਐਸੀ ਕ੍ਰਿੰਗੁਰੀ ਵਜਾਇ ਜੋਗੀ।

ਜਿਤ ਕਿੰਗੁਰੀ ਅਨਹਦੁ ਵਾਜੈ, ਹਰਿ ਸਿਉ ਰਹੈ ਲਿਵ ਲਾਇ। [2]

ਕਿੰਗੁਰੀ ਅਨੂਪ ਵਾਜੈ

ਜੋਗੀਆ ਮਤਵਾਰੋ ਰੇ। [3]

ਇਸ ਰਾਗ ਵਿੱਚ ਦਰਜ ਭਗਤ ਬਾਣੀ ਵਿੱਚ ਵੀ ਜੋਗ ਮਤ ਨਾਲ਼ ਸੰਬੰਧਤ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ:

ਐਸਾ ਜੋਗ ਕਮਾਵਹੁ ਜੋਗੀ। [4]

ਇਸ ਰਾਗ ਵਿੱਚ ਸਿਧ ਗੋਸਟਿ ਦੀ ਰਚਨਾ ਵੀ ਇਸ ਰਾਗ ਦਾ ਜੋਗੀਆਂ ਨਾਲ ਸੰਬੰਧ ਦਰਸਾਉਂਦੀ ਹੈ। ਸ਼ਬਦਾਰਥ ਵਿੱਚ ਤਾਂ ਸਪਸ਼ਟ ਲਿਖਿਆ ਹੋਇਆ ਹੈ ਕਿ ਰਾਗ ਰਾਮਕਲੀ ਜੋਗੀਆਂ ਵਿਚ ਬੜਾ ਪ੍ਰਚਲਤ ਰਿਹਾ ਹੈ। [5]

*With best compliments from :*

**Payal Recording Co.**

**Mukerji Nagar– Delhi**

ਭਾਵੇਂ ਇਸ ਰਾਗ ਵਿੱਚ ਜੋਗ ਮਤ ਨਾਲ ਸੰਬੰਧਤ ਵਿਚਾਰ ਪ੍ਰਗਟ ਹੋਏ ਹਨ ਪਰ ਫਿਰ ਵੀ ਇਸ ਰਾਗ ਵਿੱਚ ਤਿੰਨ ਭਾਵ ਪ੍ਰਬਲ ਹਨ। ਜੋਗੀਆਂ ਨੂੰ ਭਟਕਣ ਤੋਂ ਬਚਾ ਕੇ ਗੁਰਮਤ ਮਾਰਗ ਵੱਲ ਪ੍ਰੇਰਦਿਆਂ ਸ਼ਾਂਤ ਭਾਵ ਉਜਾਗਰ ਕੀਤੇ ਗਏ ਹਨ।

ਜੋਗੀ ਜੁਗਤਿ ਸਹਜ ਘਰਿ ਵਾਸੈ
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭਾਖਿਆ ਭਾਇ ਸਬਦ ਤ੍ਰਿਪਤਾਸੈ

..............................................................................

ਗੁਰ ਕਾ ਸਬਦ ਵੀਚਾਰਿ ਜੋਗੀ

ਦੁਖ ਸੁਖ ਸਮ ਕਰਣਾ ਸੋਗ ਬਿਓਗੀ।[6]

-------

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ।

ਜਲ ਮਹਿ ਜੰਤ ਉਪਾਇਅਨ ਤਿਨਾ ਭੀ ਰੋਜੀ ਦੇਇ।[7]

-------

ਜੀਵ ਦੀ ਭਟਕਣ ਦੇ ਬਿਆਨ ਵਿੱਚੋਂ ਕਰੁਣਾ ਦੇ ਭਾਵ ਪ੍ਰਗਟ ਹੋਏ ਹਨ-

ਕਬਹੁ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।
ਲੋਭੀ ਜੀਅੜਾ ਥਿਰੁ ਨ ਰਹਤ ਹੈ ਚਾਰੇ ਕੁੰਡਾਂ ਭਾਲੇ।
ਮਰਣ ਲਿਖਾਇ ਮੰਡਲ ਮਹਿ ਆਏ ਜੀਵਣ ਸਾਜਹਿ ਮਾਈ

..............................................................................

ਪ੍ਰਵਣਤਿ ਨਾਨਕ ਜੇ ਤੂੰ ਦੇਵਹਿ ਅੰਤੈ ਹੋਇ ਸਖਾਈ।[8]

-------

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣ ਲਗੈ ਮਤ ਜਾਈ।[9]

-------

ਇਸ ਤਰ੍ਹਾਂ ਇਸ ਰਾਗ ਵਿੱਚ ਸ਼ਾਂਤ ਅਤੇ ਕਰੁਣ ਭਾਵ ਪ੍ਰਗਟ ਹੋਏ ਹਨ। ਇਸ ਰਾਹੀਂ ਇਹਨਾਂ ਭਾਵਾਂ ਦਾ ਪ੍ਰਗਟਾਵਾ ਸੁਭਾਵਕ ਹੈ। ਕਿਉਂਕਿ ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਸੁਰ ਕੋਮਲ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਇਹ ਅਸੀਂ ਪਹਿਲਾਂ ਦਸ ਹੀ ਆਏ ਹਾਂ ਕਿ ਜਿਹਨਾਂ ਰਾਗਾਂ ਵਿੱਚ ਇਹ ਸੁਰ ਪ੍ਰਯੋਗ ਹੁੰਦੇ ਹਨ, ਉਹ ਰਾਗ ਸ਼ਾਂਤ ਅਤੇ ਕਰੁਣ ਰਸ ਦੇ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਇਕ ਹੁੰਦੇ ਹਨ।

ਇਸ ਰਾਗ ਦੀ ਬਾਣੀ ਵਿਚ ਜਿੱਥੇ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ ਉੱਥੇ ਪ੍ਰਭੂ ਮਿਲਾਪ ਦੇ ਅਨੰਦ ਦਾ ਅਨੁਭਵ ਵੀ ਦਰਸਾਇਆ ਹੈ-

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ।[10]

-------

ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੋ ਸੁਣੀਐ ਮੰਗਲਾ।[11]

-------

ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ।
ਅਨਦ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ।[12]

-------

ਭਾਵੇਂ ਇਸ ਰਾਗ ਦਾ ਸੁਰ ਪ੍ਰਬੰਧ ਸ਼ਾਂਤ ਅਤੇ ਕਰੁਣ ਭਾਵਾਂ ਨਾਲ ਸੰਬੰਧਤ ਕੀਤਾ ਜਾਂਦਾ ਹੈ ਪਰ ਇਸ ਰਾਗ ਦੇ ਸਰੂਪ ਦਾ ਵਰਣਨ 'ਸੰਗੀਤ ਦਰਪਣ'[13] ਵਿੱਚ ਖੁਸ਼ੀ ਦੇ ਭਾਵਾਂ ਨੂੰ ਪ੍ਰਗਟਾਉਂਦਾ ਹੈ। ਚਿਤਰਕਾਰਾਂ ਨੇ ਇਸ ਰਾਗ ਦੇ ਚਿੱਤਰ ਬਣਾਉਣ ਵੇਲੇ ਸ਼ਿੰਗਾਰ ਨੂੰ ਖਾਸ ਥਾਂ ਦਿੱਤੀ ਹੈ।[14] ਸ਼ਾਇਦ ਏਸੇ ਲਈ ਗੁਰੂ ਅਮਰਦਾਸ ਜੀ ਨੇ ਰਾਮਕਲੀ ਰਾਗ ਬਾਰੇ ਆਪਣੇਂ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ-

ਰਾਮਕਲੀ ਰਾਮ ਮਨਿ ਵਸਿਆ ਤਾ ਬਨਿਆ ਸੀਗਾਰ। [15]

ਸੋ ਇਸ ਰਾਗ ਦੀ ਬਾਣੀ ਸ਼ਾਂਤ, ਕਰੁਣ ਅਤੇ ਸ਼ਿੰਗਾਰ ਭਾਵਾਂ ਨੂੰ ਪ੍ਰਗਟਾਉਂਦੀ ਹੈ। ਪਰ ਇਸ ਵਿੱਚ ਵਿਸ਼ੇਸ ਵਾਤਾਵਰਣ ਜੋਗਮਤ ਵਾਲਾ ਹੀ ਹੈ। ਰਾਮਕਲੀ ਰਾਗ ਇਸ ਬਾਣੀ ਦੇ ਭਾਵ ਲਈ ਉਚਿਤ ਰਾਗ ਹੈ।

**ਰਾਗ ਨਟ ਨਾਰਾਇਣ**- ਇਸ ਰਾਗ ਵਿੱਚ ਕੇਵਲ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੀ ਦਰਜ ਹੈ। ਇਸ ਬਾਣੀ ਵਿੱਚ ਪ੍ਰਭੂ ਮਿਲਾਪ ਦੀ ਖੁਸ਼ੀ ਦਾ ਪ੍ਰਗਟਾਵਾ ਬਹੁਤੀ ਮਾਤਰਾ ਵਿੱਚ ਹੋਇਆ ਹੈ-

ਹਰਿ ਅਪਨੀ ਕ੍ਰਿਪਾ ਕਰੀ ਆਪ ਗ੍ਰਿਹਿ ਆਇਓ
ਹਮ ਹਰਿ ਕੀ ਗੁਰ ਕੀਈ ਹੈ ਬਸੀਠੀ

ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ।[16]

-------

ਹਉ ਵਾਰਿ ਵਾਰਿ ਜਾਉ ਗੁਰ ਗੋਪਾਲ।

..............................................

ਦਰਸਨ ਪਿਆਸ ਬਹੁਤ ਮਨਿ ਮੇਰੈ ਨਾਨਕ ਦਰਸ ਨਿਹਾਲ।[17]

ਇਹਨਾਂ ਭਾਵਾਂ ਦਾ ਰਾਗ ਨਟ ਨਾਰਾਇਣ ਵਿਚ ਪ੍ਰਗਟਾਵਾ ਹੋਣਾ ਸੁਭਾਵਿਕ ਹੈ ਕਿਉਂਕਿ ਇਸ ਰਾਗ ਵਿਚ ਰਿਸ਼ਭ ਅਤੇ ਧੈਵਤ ਸ਼ੁਧ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਹ ਰਾਗ ਸ਼ਿੰਗਾਰ ਦੇ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੈ।

ਭਾਵ ਅਤੇ ਰਾਗ ਦੀ ਇੱਕ ਹੋਰ ਸਾਂਝ ਦ੍ਰਿਸ਼ਟੀ ਗੋਚਰ, ਹੁੰਦੀ ਹੈ. ਇਸ ਰਾਗ ਦੀ ਬਾਣੀ ਵਿੱਚ ਕਿਤੇ ਕਿਤੇ ਬਰਖਾ ਰੁੱਤ ਦੇ ਵਾਤਾਵਰਣ ਦੇ ਸੰਕੇਤ ਮਿਲਦੇ ਹਨ-

ਉਨਵੈ ਘਨੁ ਘਨੁ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ।[18]

-------

ਮੇਰ ਸੁਮੇਰ ਮੋਰ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।[19]

ਅਜਿਹੇ ਵਾਤਾਵਰਣ ਦੇ ਪ੍ਰਗਟ ਹੋਣ ਦਾ ਕਾਰਣ ਹੈ ਕਿ ਰਾਗ ਨਟ ਨਾਰਾਇਣ ਨੂੰ ਸੰਗੀਤ ਆਚਾਰੀਆ ਨੇ ਬਰਖਾ ਰੁਤ ਦਾ ਰਾਗ ਦਸਿਆ ਹੈ।[20] ਸੋ ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਪੱਖੋਂ ਸੁੰਦਰ ਸੁਮੇਲ ਹੋਇਆ ਹੈ।

**ਰਾਗ ਮਾਲੀ ਗਉੜਾ–** ਇਸ ਰਾਗ ਵਿੱਚ ਬਹੁਤ ਥੋੜੀ ਬਾਣੀ ਦਰਜ ਹੈ। ਇਸ ਬਾਣੀ ਵਿੱਚ ਪ੍ਰਗਟ ਮੁੱਖ ਭਾਵ ਖੁਸ਼ੀ ਵਾਲੇ ਹਨ-

ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵਲਾਇਓ।

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ।[21]

-------

ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ।
ਮਨਿ ਅਨਦ ਭਇਆ ਗੁਰੁ ਪਾਇਆ ਜਨ ਨਾਨਕ ਸਬਦਿ ਨਿਹਾਲਾ।[22]

ਕਈ ਥਾਵਾਂ ਤੇ ਪ੍ਰਭੂ ਉਸਤਤ ਅਧੀਨ ਭਗਤੀ ਭਾਵਾਂ ਦਾ ਪ੍ਰਦਰਸ਼ਨ ਹੁੰਦਾ ਹੈ–

ਅਨਿਕ ਜਤਨ ਕਰਿ ਰਹੈ ਹਰਿ ਅੰਤੁ ਨਾਹੀ ਪਾਇਆ।
ਹਰਿ ਅਗਮ ਅਗਮ ਅਗਾਧਿ ਬੋਧਿ ਆਦੇਸ ਹਰਿ ਪ੍ਰਭ ਰਾਇਆ।[23]

ਨਾਮ ਦੀ ਮਹਿਮਾ ਦਾਂ ਗਾਇਨ ਵੀ ਕੀਤਾ ਗਿਆ ਹੈ-

ਐਸੋ ਸਹਾਈ ਹਰਿ ਕੋ ਨਾਮ
ਸਾਧ ਸੰਗਤਿ ਭਜੁ ਪੂਰਨ ਕਾਮ। [24]

ਇਸ ਰਾਗ ਦੀ ਬਾਣੀ ਦਾ ਭਾਵ ਰਾਗ ਦੇ ਸੁਰਾਂ ਨਾਲ ਸੰਬੰਧਤ ਕੀਤੇ ਜਾਂਦੇ ਪਰੰਪਰਾਗਤ ਭਾਵ ਨਾਲ ਮਿਲਦਾ ਜੁਲਦਾ ਨਹੀਂ। ਇਸ ਰਾਗ ਵਿੱਚ ਕੋਮਲ ਰਿਸ਼ਭ ਅਤੇ ਕਦੀ ਕਦੀ ਧੈਵਤ ਦਾ ਪ੍ਰਯੋਗ ਹੁੰਦਾ ਹੈ। ਇਸ ਲਈ ਇਸ ਰਾਗ ਰਾਹੀਂ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਹੋ ਸਕਦਾ ਹੈ। ਪਰ ਕਈ ਅਨੁਭਵੀ ਵਿਦਵਾਨਾਂ ਨੇ ਇਸ ਰਾਗ ਨੂੰ ਖੁਸ਼ੀ ਪੈਦਾ ਕਰਨ ਵਾਲਾ ਰਾਗ ਦੱਸਿਆ ਹੈ।[25] ਇਸ ਅਨੁਸਾਰ ਇਸ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਇੱਕ ਦੂਜੇ ਦੇ ਅਨੁਕੂਲ ਮੰਨੇ ਜਾ ਸਕਦੇ ਹਨ।

ਚਲਦਾ

## ਫੁੱਟ ਨੋਟ ਤੇ ਹਵਾਲੇ


1. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ — ਪੰਨਾ 907
2. ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ — ਪੰਨਾ 908-909
3. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ — ਪੰਨਾ 886
4. ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ — ਪੰਨਾ 970
5. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਤੀਜੀ ਪੋਥੀ) — ਪੰਨਾ–876
6. ਗੁਰੂ ਨਾਨਕ ਦੇਵ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬ — ਪੰਨਾ 878-79
7. ਗੁਰੂ ਅੰਗਦ ਦੇਵ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬ — ਪੰਨਾ 955

8. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 876

9. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 876

10. ਗੁਰੂ ਅਰਜਨ ਦੇਵ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 924

11. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 924

12. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 927

13. ਦਮੋਦਰ, ਸੰਗੀਤ ਦਰਪਣ, ਪੰਨਾ 96

14. ਸਗਤ ਸਿੰਘ, ''ਰਾਜਸਥਾਨੀ ਚਿਤਰਕਲਾ
ਮੇਂ ਰਾਗੋਂ ਕਾ ਸਰੂਪ'' ਨਿਬੰਧ ਸੰਗੀਤ ਪੰਨਾ 437

15. ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 950

16. ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 977

17. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 980

18. ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 975

19. ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 983

20. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, ਪੰਨਾ 71

21. ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 985

22. ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 985

23. ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 984

24. ਗੁਰੂ ਅਰਜਨ ਦੇਵ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 986

25. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 217

ਕੀਰਤਨ ਟੂਰ

# ਮੇਰਾ ਜੀਵਨ ਮਨੋਰੰਥ

ਜੇ. ਪੀ. ਨੰਦਾ

***ਅੰਕ ਦਸੰਬਰ 1992 ਤੋਂ ਅੱਗੇ***

ਜਦ ਉਹਨਾਂ ਨੂੰ ਪਤਾ ਲਗਿਆ ਤਾਂ ਵਾਪਸੀ ਤੇ ਕਾਨ ਪੁਰ ਅਸਾਂ ਨੂੰ ਆ ਮਿਲੇ ਤੇ ਆਪਣੇ ਟੇਪ ਰੀਕਾਰਡਰ ਤੇ ਅੰਮ੍ਰਿਤ ਵੇਲੇ ਦਾ ਸਾਰਾ ਕੀਰਤਨ ਟੇਪ ਕੀਤਾ॥

ਆਗਰਾ ਗੁਰਦਵਾਰਾ ਮਾਈ ਥਾਨ ਹਾਜ਼ਰੀ ਭਰ ਕੇ ਪਿਛਲੀ ਯਾਦ ਤਾਜ਼ਾ ਕੀਤੀ ਏਥੇ ਗਲੀ ਤੰਗ ਹੋਣ ਕਰਕੇ ਕਾਰ ਰੱਖਣ ਲਈ ਵੀ ਮੁਸ਼ਕਲ ਆਈ॥ ਮਥੁਰਾ ਗੁਰਦਵਾਰੇ ਦੇ ਪ੍ਰੇਮੀ ਗ੍ਰੰਥੀ ਜੀ ਨੇ ਬੜੇ ਪ੍ਰੇਮ ਨਾਲ ਅਸਾਡੇਂ ਤੋਂ ਕੀਰਤਨ ਕਰਾਇਆ, ਅਸਾਨੂੰ ਆਪਣੇਂ ਇਕ ਸੰਤ ਮਿਤ੍ਰ ਪਾਸ ਲੈ ਗਏ ਜਿਨ੍ਹਾਂ ਸੱਚਾ ਉਪਦੇਸ਼ ਕੀਤਾ ਕਿ ਸਮੇ ਦੀ ਮੰਗ ਹੈ ਕਿ ਸਭ ਕੁਝ ਛੱਡ ਕੇ ਪ੍ਰਭੂ ਚਰਨਾਂ ਵੱਲ ਲਗੀਏ ਅਸਾਨੂੰ ਇਕ ਗੁਰਮੁਖ ਪ੍ਰੇਮੀ ਹੀ ਗੁਰਦਵਾਰੇ ਤੇ ਬ੍ਰਿੰਦਾਬਨ ਦੇ ਮੰਦਰਾਂ ਦਾ ਦਰਸ਼ਨ ਕਰਾ ਲਿਆਇਆ ਤੇ ਸ਼ਕੁੰਤਲਾ ਜੀ ਨੇ ਮਗਨ ਹੋ ਕੇ ਸ਼ਰਧਾ ਪੂਰਵਕ, ਮਥਰਾ ਬ੍ਰਿੰਦਾਬਨ ਦੀ ਯਾਤ੍ਰਾ ਕੀਤੀ॥ ਇਕ ਗੁਰਮੁਖ ਪਿਆਰੇ ਸਹਜਧਾਰੀ ਵੀਰ ਨੇ ਆਪਣੇ ਪੈਟਰੋਲ ਪੰਪ ਤੇ ਲੈ ਜਾ ਕੇ ਸਾਡੀ ਗਡੀ ਫ਼ੁਲ ਕਰ ਦਿਤੀ॥

ਅਸੀ ਗ਼ਾਜ਼ੀਆਬਾਦ ਦਾ ਪ੍ਰੋਗ੍ਰਾਮ ਵੀ ਬਣਾਇਆ ਸੀ ਪਰ ਬੱਚੇ ਮੇਰਠ ਜਾਣ ਲਈ ਉਤਾਵਲੇ ਸਨ (ਮੇਰੇ ਇਕ ਭੈਣ ਜੀ ਓਥੇ ਰਹਿੰਦੇ ਹਨ) ਸੋ ਅਸੀ ਮੇਰਠ ਪਹੁੰਚ ਕੇ ਥਾਪਰ ਨਗਰ ਗੁਰਦਵਾਰੇ ਕੀਰਤਨ ਦੀ ਹਾਜ਼ਰੀ ਭਰੀ ਤੇ ਅੰਮ੍ਰਿਤ ਵੇਲੇ ਸੁਖਮਨੀ ਕੀਰਤਨ ਦਾ ਭੀ ਸੁਭਾਗ ਪ੍ਰਾਪਤ ਹੋਇਆ॥

ਹੁਣ ਅਸੀਂ ਡੇਹਰਾਦੂਨ ਲਈ ਰਵਾਨਾ ਹੋਇ॥ ਰਸਤੇ ਵਿਚ ਮੁਜ਼ਫ਼ਰ ਨਗਰ ਤੇ ਰੁੜਕੀ ਛਡਦੇ ਹੋਇ ਡੇਹਰਾਦੂਨ ਪਹੁੰਚੇ। ਸ਼ਕੁੰਤਲਾ ਜੀ ਆਪਣੇ ਮਾਤਾ ਪਿਤਾ ਤੇ ਭੈਣ ਭਰਾਵਾਂ ਨੂੰ ਮਿਲੇ ਤੇ ਅਸੀ ਆਪਣੇ ਗੁਰਸਿੱਖ ਪਰਵਾਰ ਨੂੰ॥ ਚੰਦਰ ਰੋਡ ਇਕ ਛੋਟੇ

ਜੇਹੇ ਗੁਰਦਵਾਰੇ ਵਿਚ ਅਸੀ ਕੀਰਤਨ ਦੀ ਹਾਜ਼ਰੀ ਡੇਢ ਘੰਟੇ ਦੀ ਰੋਜ਼ ਭਰਦੇ ਸੀ ਤੇ ਸਤਸੰਗੀ ਸੱਜਣ ਵਾਰੀ ਵਾਰੀ ਸਾਨੂੰ ਨਾਸ਼ਤੇ ਤੇ ਬੁਲਾ ਕੇ ਆਪਣੇ ਪਿਆਰ ਦਾ ਅਜ਼ਹਾਰ ਕਰਦੇ।। 7-8 ਦਿਨ ਬਾਦ ਜਿਸ ਦਿਨ ਅਸੀ ਜਾਣਾ ਸੀ ਓਸ ਦਿਨ ਕੀਰਤਨ ਦੇ ਬਾਦ ਇਕ ਛੋਟੀ ਜੇਹੀ ਚਾਹ ਪਾਰਟੀ ਹੋਈ ਤੇ ਸਭ ਨੇ ਅਸਾਂਨੂੰ ਪਿਆਰ ਨਾਲ ਵਿਦਾ ਕੀਤਾ।। ਅਸੀ ਸ਼ਾਦੀ ਤੋਂ ਬਾਦ ਜਦ ਵੀ ਡੇਹਰਾਦੂਨ ਆਏ ਇਸ ਗੁਰਦਵਾਰਾ ਸਾਹਿਬ ਦੀ ਹਾਜ਼ਰੀ ਜ਼ਰੂਰ ਭਰੀ।।

ਡੇਹਰਾਦੂਨ ਤੋਂ ਗ਼ਾਜ਼ੀਆਬਾਦ ਤੇ ਦਿੱਲੀ ਹੁੰਦੇ ਹੋਏ ਅਸੀ ਬਰੇਲੀ ਵਲ ਤੁਰ ਪਏ। ਦਿਲੀ ਜੰਗ ਪੁਰਾ ਐਕਸਟੈਂਸ਼ਨ ਤੇ ਡੀਫ਼ੈਂਸ ਕਾਲੋਨੀ ਦੇ ਗੁਰਦਵਾਰਿਆ ਵਿਚ ਕੀਰਤਨ ਕੀਤਾ ਤੇ ਏਥੇ ਅਸੀ ਬਹੁਤ ਪਿਆਰੇ ਭੈਣ ਜੀ (ਭੂਆ ਜੀ ਦੀ ਲੜਕੀ) ਦੇ ਪਾਸ ਠਹਿਰੇ ।। ਏਸ ਪਰਵਾਰ ਨਾਲ ਬਚਪਨ ਤੋਂ ਹੀ ਬੜਾ ਪਿਆਰ ਸੀ ਤੇ ਡਾ. ਗੋਪਾਲ ਸਿੰਘ ਜੀ ਦੀ ਭੈਣ ਤੇ ਜ਼ਿੰਦਗੀ ਦੀ ਸੇਧ ਭੂਆ ਜੀ ਤੇ ਭੈਣਜੀ ਤੋਂ ਬਹੁਤ ਮਿਲੀ।। ਬਰੇਲੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਗੁਰਦਵਾਰੇ ਵੈਰਾਗ ਮਈ ਬਾਣੀ ਦਾ ਕੀਰਤਨ ਕਰਕੇ ਬੜਾ ਆਨੰਦ ਪ੍ਰਾਪਤ ਹੋਇਆ।। ਏਹ ਬਾਣੀ ਬਚਪਨ ਤੋਂ ਹੀ ਮੈਨੂੰ ਅਤੀ ਪਿਆਰੀ ਸੀ (ਪਰ ਕਈ ਵੇਰ ਅਠਕੇਲੀਆਂ ਵਿਚ ਮਦਮਸਤ ਦੁਨੀਆਂ ਦੇ ਬੰਦੇ ਇਹਨੂੰ ਪੜ੍ਹਦਿਆਂ ਰੋਕ ਦੇਂਦੇ ਸਨ) ਸੀਤਾ ਪੁਰ ਕੀਰਤਨ ਕਰਦਿਆਂ ਵੀਰ ਲਾਉਡ ਸਪੀਕਰ ਵਾਲੇ ਪ੍ਰਕਾਸ਼ ਸਿੰਘ ਜੀ ਮਿਲੇ ਤੇ ਦਸਿਆ ਕਿ ਜਦ ਤੋਂ ਤੁਸੀ ਚਾਹ ਪੀਣ ਤੋਂ ਮਨ੍ਹਾਂ ਕੀਤਾ ਹੈ, ਉਸ ਦਿਨ ਤੋਂ ਮੈਂ ਚਾਹ ਨੂੰ ਮੂੰਹ ਨਹੀ ਲਾਇਆ।। ਧੰਨ ਗੁਰੂ ਕੀ ਸਿਖੀ- 1970 ਵਿਚ ਮਾਤਾ ਜੀ ਦੇ ਅੱਖ ਦੇ ਆਪ੍ਰੇਸ਼ਨ ਤੇ ਗਏ ਓਥੇ ਇਕ ਮਹੀਨਾ ਕੀਰਤਨ ਕਰਨ ਦਾ ਸੁਭਾਗ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵ ਮਨਾਣ ਦਾ ਅਵਸਰ ਮਿਲਿਆ ਸੀ ਤੇ ਤਿੰਨ ਚਾਰ ਗੁਰੂਸਿਖਾਂ ਨਾਲ ਪਿਆਰ ਵੀ ਹੋ ਗਿਆ ਸੀ ਏਹਨਾਂ ਨੇ ਅਸਾਨੂੰ ਚਾਹ ਤੇ ਬੁਲਾਇਆ ਸੀ ਅਸੀ ਚਾਹ ਪੀ ਤਾਂ ਲੈਂਦੇ ਸੀ ਪਰ ਨਾਲ ਹੀ ਸਾਰੇ ਪਰਵਾਰ ਨੂੰ ਚਾਹ ਤੇ ਫ਼ਜ਼ੂਲ ਖਾਣ ਪੀਣ ਦੇ ਨੁਕਸਾਨ ਦੱਸ ਆਂਦੇ ਸੀ।। ''ਅਲਪ ਅਹਾਰ'' ਸਿਹਤ ਲਈ ਜ਼ਰੂਰੀ ਤੇ ਗੁਰਸਿਖੀ ਲਈ ਲਾਜ਼ਮੀ ਹੈ।।

ਲਖਨਊ ਵੀ ਕੀਰਤਨ ਦੀ ਹਾਜ਼ਰੀ ਭਰਨ ਦੀ ਇਜਾਜ਼ਤ ਮਿਲ ਗਈ ਸ਼ੀ।। ਗੋਰਖਪੁਰ ਰਹਿਣ ਸਮੇ ਲਖਨਊ ਦੇ ਕਈ ਰਾਗੀਆਂ ਦੇ ਦਰਸ਼ਨ ਹੁੰਦੇ ਸਨ। ਕਾਨਪੁਰ ਤਾਂ ਸਾਨੂੰ

ਕਿਸੀ ਨੇ ਗੁਮਟੀ ਗੁਰਦਵਾਰੇ ਲਈ ਕਹਿਆ ਜਦ ਪਹੁੰਚੇ ਦਾਂ ਸੰਤ ਬਾਬਾ ਮੋਹਨ ਸਿੰਘ ਜੀ ਨੇ ਸ਼ਾਇਦ ਸਾਡਾ ਇਮਤਿਹਾਨ ਲੈਣ ਲਈ ਅਸਾਨੂੰ ਰਾਤ ਲਈ ਕਮਰਾ ਦੇਣ ਲਈ ਤੇ ਅੰਮ੍ਰਿਤ ਵੇਲੇ ਕੀਰਤਨ ਕਰਨ ਲਈ ਮਨ੍ਹਾ ਕਰ ਦਿੱਤਾ।। ਅਸੀ ਨਿਰਾਸ਼ ਜੇਹੇ ਹੋਇ ਪਰ ਇਕ ਗੁਰੂ ਪਿਆਰੇ ਜੋ ਇਹ ਸਭ ਵਾਰਤਾਲਾਪ ਸੁਣ ਰਹੇ ਸਨ ਅਸਾਨੂੰ ਆਪਣੇ ਘਰ ਰਹਿਣ ਤੇ ਕੀਰਤਨ ਧੁੰਨਾਂ ਪਾਣ ਲਈ ਕਹਿਆ ਦੋ ਦਿਨ ਬੜੇ ਪਿਆਰ ਨਾਲ ਕੀਰਤਨ ਦੇ ਆਨੰਦ ਮਾਣੇ ਤੇ ਬਾਬਾ ਜੀ ਦੇ ਗੁਰਦਵਾਰੇ ਵੀ ਦੋ ਸ਼ਬਦ ਪੜ੍ਹੇ

''ਤੈ ਸਾਹਿਬ ਕੀ ਮੈ ਸਾਰ ਨ ਜਾਣੀ

ਜੋਬਨ ਖੋਇ ਪਾਛੈ ਪਛੁਤਾਨੀ।।'' ਤੇ

''ਜਾਨਊ ਨਹੀ, ਭਾਵੈ ਕਵਨ ਬਾਤਾ, ਮਨ ਖੋਜ ਮਾਰਗ'

ਅਸੀ ਕਈ ਵੇਰ ਏਹਨਾਂ ਬਾਬਿਆਂ ਨੂੰ ਮਿਲੇ ਤੇ ਕੀਰਤਨ ਕੀਤਾ ਤੇ ਉਹਨਾਂ ਪਿਆਰ ਵਜੋਂ ਸਿਰੋਪਾਓ ਬਖ਼ਸ਼ਿਆ।। ਗੁਰਦਵਾਰਾ ਗੁਰੂ ਤੇਗ਼ ਬਹਾਦਰ ਵਿਚ ਵੀ ਸ਼ਰਧਾਂਜਲੀ ਵਜੋਂ ਗਾਇਆ

''ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗ਼ਾਫ਼ਲ ਸੋਇਆ''

(ਚਲਦਾ)

# ਰਾਗ ਧਨਾਸਰੀ

**ਕਰਨਵੀਰ ਕੌਰ**
ਸਰਕਾਰੀ ਆਦਰਸ਼ ਸੀਨੀ. ਸੈਕੰ. ਸਕੂਲ,
ਭਾਗੂ (ਫਰੀਦਕੋਟ)

ਰਾਗ ਧਨਾਸਰੀ ਇਕ ਅਪ੍ਰਸਿੱਧ ਪਰ ਮਧੁਰ ਰਾਗ ਹੈ। ਵਿਦਵਾਨਾਂ ਨੇ ਇਸਦੇ ਨਾਦਾਤਮਕ ਸਰੂਪ ਨੂੰ ਕਾਫ਼ੀ ਥਾਟ ਦੇ ਅੰਤਰਗਤ ਰਖਿਆ ਹੈ। ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਅਤੇ ਬਾਕੀ ਸਭ ਸਵਰ ਸ਼ੁੱਧ ਲਗਦੇ ਹਨ ਇਸ ਦੇ ਅਰੋਹ ਵਿੱਚ ਰਿਸ਼ਭ ਅਤੇ ਧੈਵਤ ਸਵਰ ਵਰਜਿਤ ਹੁੰਦੇ ਹਨ ਜਿਸ ਕਰਕੇ ਇਸ ਰਾਗ ਦੀ ਜਾਤੀ ਔੜਵ- ਸੰਪੂਰਨ ਹੈ। ਰਾਗ ਧਨਾਸਰੀ ਦਾ ਵਾਦੀ ਸਵਰ ਪੰਚਮ ਅਤੇ ਸੰਵਾਦੀ ਸਵਰ ਸ਼ੜਜ ਹੈ। ਇਸ ਰਾਗ ਦਾ ਗਾਇਨ ਅਤੇ ਵਾਦਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਰਾਗ ਧਨਾਸਰੀ ਥਾਟ ਕਾਫ਼ੀ ਅਤੇ ਥਾਟ ਭੈਰਵੀ ਦੋਨਾਂ ਦੇ ਅੰਤਰਗਤ ਗਾਇਆ ਜਾਂਦਾ ਹੈ। ਦੋਨਾਂ ਥਾਟਾਂ ਵਿੱਚ ਗਾਉਣ ਨਾਲ ਧਨਾਸਰੀ ਦੇ ਰਾਗ ਚਲਣ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਕੇਵਲ ਸੁਰਾਂ ਦਾ ਰੁਪਾਂਤਰ ਕਰਨਾ ਪੈਂਦਾ ਹੈ ਅਰਥਾਤ ਕਾਫੀ ਥਾਟ ਦੇ ਧਨਾਸਰੀ ਨੂੰ ਭੈਰਵੀ ਥਾਟ ਵਿਚ ਤਬਦੀਲ ਕਰਨ ਲਈ ਸਿਰਫ਼ ਰਿਸ਼ਭ ਅਤੇ ਧੈਵਤ ਕੋਮਲ ਸ਼ਾਮਲ ਕੀਤੇ ਜਾਂਦੇ ਹਨ ਬਾਕੀ ਰੂਪ ਰੇਖਾ ਸਮਾਨ ਹੀ ਰਹਿੰਦੀ ਹੈ। ਇਸ ਰਾਗ ਦਾ ਸਵਰ ਵਿਸਥਾਰ ਮੰਦਰ ਸਪਤਕ ਤੋਂ ਤਾਰ ਸਪਤਕ ਤੱਕ ਹੁੰਦਾ ਹੈ ਅਤੇ ਇਸ ਰਾਗ ਦੀ ਪ੍ਰਕ੍ਰਿਤੀ ਸ਼ਾਂਤ ਹੈ। ਇਸ ਰਾਗ ਵਿਚ 'ਪ ਗ' ਦੀ ਸਵਰ-ਸੰਗਤੀ ਅਤਿਅੰਤ ਮਹਤਵ੍ਰ ਪੂਰਣ ਹੈ ਇਸ ਰਾਗ ਦਾ ਨਿਕਟਵਰਤੀ ਰਾਗ ਭੀਮਪਲਾਸੀ ਹੈ ਪਰ ਧਨਾਸਰੀ ਦੇ ਰੂਪ ਨੂੰ ਉਘਾੜਨ ਲਈ ਨੀ ਸ ਗੁ ਮ ਪ ਗੁ, ਜਾਂ ਸ ਗੁ, ਮ ਪ ਗੁ, ਮ ਗੁ ਰੇ ਸ ਸਵਰ ਸਮੂਹ ਬਹੁਤ ਸਹਾਈ ਹੁੰਦੇ ਹਨ।

ਅਰੋਹ - ਨ਼ੀ ਸ ਗੁ, ਮ ਪ ਨ਼ੀ ਸਂ

ਅਵਰੋਹ - ਸਂ ਨ਼ੀ ਧ ਪ, ਮ ਗੁ, ਪ ਗੁ, ਮ ਗੁ ਰੇ ਸ

ਪਕੜ - ਸ ਗੁ ਗੁ ਪ , ਪ ਗੁ, ਰੇ ਸ।

# ਸ਼ਬਦ

## ਧਨਾਸਰੀ ਨਾਮਦੇਵ ਜੀ

ਮਾਰਵਾੜਿ ਜੈਸੇ ਨੀਰੁ ਬਾਲਹਾ, ਬੇਲਿ ਬਾਲਹਾ ਕਰਹਲਾ।।
ਜਿਉ ਕੁਰੰਕ ਨਿਸਿ ਨਾਦੁ ਬਾਲਹਾ, ਤਿਉ ਮੇਰੈ ਮਨਿ ਰਾਮਈਆ।। ੧।।
ਤੇਰਾ ਨਾਮੁ ਰੂੜੋ, ਰੂਪ ਰੂੜੋ, ਅਤਿ ਰੰਗੁ ਰੂੜੋ ਮੇਰੋ ਰਾਮਈਆ।। ਰਹਾਉ।।
ਜਿਉ ਧਰਣੀ ਕਉ ਇੰਦ੍ਰੁ ਬਾਲਹਾ, ਕੁਸਮ ਬਾਸੁ ਜੈਸੇ ਭਵਰਲਾ।।
ਜਿਉ ਕੋਕਿਲ ਕਉ ਅੰਬੁ ਬਾਲਹਾ, ਤਿਉ ਮੇਰੈ ਮਨਿ ਰਾਮਈਆ।।੨।।
ਚਕਵੀ ਕਉ ਜੈਸੇ ਸੂਰੁ ਬਾਲਹਾ, ਮਾਨ ਸਰੋਵਰ ਹੰਸੁਲਾ।।
ਜਿਉ ਤਰੁਣੀ ਕਉ ਕੰਤੁ ਬਾਲਹਾ, ਤਿਉ ਮੇਰੈ ਮਨਿ ਰਾਮਈਆ।।੩।।
ਬਾਰਿਕ ਕਉ ਜੈਸੇ ਖੀਰੁ ਬਾਲਹਾ, ਚਾਤ੍ਰਿਕ ਮੁਖ ਜੈਸੇ ਜਲਧਰਾ।।
ਮਛੁਲੀ ਕਉ ਜੈਸੇ ਨੀਰੁ ਬਾਲਹਾ, ਤਿਉ ਮੇਰੈ ਮਨਿ ਰਾਮਈਆ।।੪।।
ਸਾਧਿਕ ਸਿਧ ਸਗਲ਼ ਮੁਨਿ ਚਾਹਹਿ, ਬਿਰਲੇ ਕਾਹੂ ਡੀਠਲਾ।।
ਸਗਲ ਭਵਣ ਤੇਰੋ ਨਾਮੁ ਬਾਲਹਾ, ਤਿਉ ਨਾਮੇ ਮਨਿ ਬੀਠਲਾ।।੫।।

ਰਾਗ ਧਨਾਸਰੀ ਮੱਧ ਲੈਅ ਰੂਪਕ ਤਾਲ

**ਸਥਾਈ:–**

| 1 | 2 | 3 | 4 | 5 | 6 | 7 |
|---|---|---|---|---|---|---|
| | | | | | ਪ | ਪ |
| | | | | | ਤੇ | ਰਾ |
| ਗੁ | ਮ | ਗੁ | ਰੇ | – | ਸ | ਨ਼ੀ |
| ਨਾ | s | ਮੁ | ਰੂ | s | ੜੋ | s |
| ਸ | – | ਸ | ਸ | ਸ | ਨ਼ੀ | ਸ |
| ਰੂ | s | ਪ | ਰੂ | ੜੋ | ਅ | ਤਿ |

| | | | | | | |
|---|---|---|---|---|---|---|
| 1 | 2 | 3 | 4 | 5 | 6 | 7 |
| ਮਗੁ | – | ਗੁ | ਗੁ | ਗੁ | ਮ | ਪ |
| ਰੰs | s | ਗੁ | ਰੂ | ੜੋ | ਮੇ | ਰੋ |
| ਗੁ | ਮ | ਗੁਰੇ | ਸ | ਸ | | |
| ਰਾ | s | ਮਈ | ਆ | S | | |

**ਅੰਤਰਾ:–**

| | | | | | | |
|---|---|---|---|---|---|---|
| ਪ | ਪ | ਪ | ਮ | ਪ | ਗੁ | ਮ |
| ਮਾ | ਰ | ਵਾ | s | ੜ | ਜੈ | ਸੇ |
| ਪ | ਨੀ | ਨੀ | ਸਂ | ਸਂ | ਸਂ | – |
| ਨੀ | ਰੁ | ਬਾ | s | ਲ | ਹਾ | s |
| ਨੀਸਂ | ਗੁਂ | ਗੁਂ | ਰੇਂ | ਰੇਂ | ਸਂ | ਸਂ |
| ਬੇs | ਲਿ | ਬਾ | s | ਲ | ਹਾ | s |
| ਨੁੀ | ਨੁੀ | ਧ | ਸਂ | ਨੁੀ | ਧ | ਪ |
| ਕ | ਰ | ਰ | ਲਾ | s | s | s |
| ਪ | ਪ | ਸਂ | ਨੁੀ | ਧ | ਪ | ਪ |
| ਜਿ | ਓੁ | ਕੁ | ਰੰ | ਕ | ਨਿ | ਸਿ |
| ਗੁ | ਗੁ | ਮ | ਗੁ | ਰੇ | ਸ | – |
| ਨਾ | ਦ | s | ਬਾ | ਲ | ਹਾ | s |
| ਨੁੀ | ਸ | ਸ | ਗੁ | – | ਮ | ਪ |
| ਤਿ | ਓੁ | ਮੇ | ਰੇ | s | ਮ | ਨਿ |
| ਗੁ | ਮ | ਗੁਰੇ | ਸ | ਸ | | |
| ਰਾ | s | ਮਈ | ਆ | s | | |
| 0 | | | * | | 2 | |

(ਬਾਕੀਂ ਅੰਤਰੇ ਇਸੀ ਪ੍ਰਕਾਰ ਹਨ)

# ਬੰਦਾ ਕਹੀਐ ਸੋਈ

ਭਾਈ ਮਹਿੰਦਰਜੀਤ ਸਿੰਘ ਜੀ ਦਿੱਲੀ ਵਾਲਿਆਂ ਦੇ ਕੀਰਤਨੀ ਜੱਥੇ ਦੀ ਵਰਤਮਾਨ ਸਮੇਂ ਵਿਚ ਸਿੱਖ ਸੰਗਤਾਂ ਵਿਚ ਬੜੀ ਮੰਗ ਹੈ। ਉਹ ਨੌਜਵਾਨ ਹਨ ਅਤੇ ਕੀਰਤਨ ਕਲਾ ਪੱਖੋਂ ਵਾਹਿਗੁਰੂ ਦੀ ਉਨ੍ਹਾਂ ਉੱਪਰ ਅਪਾਰ ਬਖ਼ਸ਼ਿਸ਼ ਹੈ। ਆਪ ਜੀ ਦੀ ਪੀਹਲੀ ਕੈਸਟ ਤੇ ਉਨਾਂ ਦੇ ਨਾਂ ਨਾਲ ਸਿੰਘਾਪੁਰ ਵਾਲੇ ਲਿਖਿਆ ਗਿਆ ਸੀ ਜਦ ਕਿ ਹਥਲੀ ਕੈਸੱਟ ''ਬੰਦਾ ਕਹੀਐ ਸੋਈ,'' ਜੋ ਕਿ ਦਿੱਲੀ ਸਥਿਤ ਮਿਉਜ਼ਿਕ ਮਾਸਟਰਸ ਕੰਪਨੀ ਦੁਆਰਾ ਰਿਲੀਜ਼ ਕੀਤੀ ਗਈ ਹੈ, ਦੇ ਕਵਰ'ਤੇ ਉਨ੍ਹਾਂ ਦੇ ਨਾਂ ਨਾਲ ਦਿੱਲੀ ਵਾਲੇ ਅੰਕਿਤ ਹੈ।

ਹਥਲੀ ਕੈਸੱਟ ਵਿਚ ਭਾਈ ਸਾਹਿਬ ਨੇ 'ਏ' ਦਿਸ਼ਾ 'ਤੇ ਟਾਈਟਲ ਅਨੁਸਾਰ 'ਬੰਦਾ ਕਹੀਐ ਸੋਈ' ਏਸ ਨੂੰ ਅਧਾਰ ਬਣਾ ਕੇ ਪਹਿਲੇ ਸ਼ਬਦ ਦਾ ਗਾਇਨ ਕੀਤਾ ਹੈ। ਇਹ ਸ਼ਬਦ 'ਪ੍ਰਭਾਤੀ ਕਬੀਰ ਜੀਉ' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੩੪੯-੫੦ ਉੱਤੇ ਦਰਜ ਹੈ ਅਤੇ ਇਸ ਦੀ ਰਹਾਉ ਦੀ ਤੁਕ ਹੈ '' ਲੋਗਾ ਭਰਮਿ ਨ ਭੂਲਹੁ ਭਾਈ ।। ਖਾਲਿਕ ਖਲਕ- ਖਲਕ ਮਹਿ ਖਾਲਿਕੁ ਪੂਰਿ ਰਹਿਉ ਸ੍ਰਬ ਠਾਂਈ।।'' ਇਸ ਸ਼ਬਦ ਦਾ ਗਾਇਨ ਚਲੰਤ ਕਹਿਰਵੇ ਤਾਲ ਵਿਚ ਬੜੇ ਸੁੰਦਰ ਢੰਗ ਨਾਲ ਕੀਤਾ ਗਿਆ ਹੈ।

'ਏ' ਦਿਸ਼ਾ ਦਾ ਦੂਜਾ ਸ਼ਬਦ -''ਮੇਰਾ ਲਾਗੋ ਰਾਮ ਸਿਉ ਹੇਤੁ।। ਸਤਿਗੁਰੂ ਮੇਰਾ ਸਦਾ ਸਹਾਈ, ਜਿਨਿ ਦੁਖ ਕਾ ਕਾਟਿਆ ਕੇਤੁ।।'' ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਕੀਤਾ ਹੋਇਆ ਹੈ ਅਤੇ ਰਾਗ ਧਨਾਸਰੀ ਅਧੀਨ ਪੰਨਾ ੬੭੫ ਉੱਤੇ ਦਰਜ ਹੈ। ਇਹ ਸ਼ਬਦ ਵੀ ਆਪ ਜੀ ਨੇ ਕਹਿਰਵੇ ਤਾਲ ਦੀ ਦਰੁਤ ਲੈਅ ਵਿਚ ਗਾਇਨ ਕੀਤਾ ਹੈ ਅਤੇ ਇਸ ਸ਼ਬਦ ਨੂੰ ਵਾਰ ਵਾਰ ਸਰਵਣ ਕਰਨ ਦੀ ਇੱਛਾ ਹੁੰਦੀ ਹੈ ਕਿਉਂਕਿ ਇਸ ਸ਼ਬਦ ਦੀ ਬੰਦਿਸ਼ ਅਤੇ ਸ਼ਬਦਾਵਲੀ ਦਾ ਬੜਾ ਹੀ ਢੁਕਵਾਂ ਸੁਮੇਲ ਹੈ। ਦੂਜਾ ਇਹ ਸ਼ਬਦ ਰਾਗੀ ਸਿੰਘਾਂ ਪਾਸੋਂ ਘੱਟ ਹੀ ਸੁਣਨ ਨੂੰ ਮਿਲਦਾ ਹੈ।

---

With best compliments from :

'ਏ' ਦਿਸ਼ਾ ਦਾ ਤੀਜਾ ਸ਼ਬਦ -''ਮੋਹਿ ਗਰੀਬ ਕਉ ਲੇਹੁ ਰਲਾਇ॥ ਨਾਨਕ ਆਇ ਪਏ ਸਰਣਾਇ'' ਕਹਿਰਵੇ ਤਾਲ ਦੀ ਮੱਧ ਲੈਅ ਵਿਚ ਗਾਇਨ ਕੀਤਾ ਗਿਆ ਹੈ। ਇਹ ਸ਼ਬਦ 'ਆਸਾ ਮਹਲਾ ੫' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੯੨-੯੩ ਉੱਤੇ ਅੰਕਿਤ ਹੈ। ਇਸ ਸ਼ਬਦ ਦੇ ਅੰਤਰਿਆਂ ਨੂੰ ਗਾਇਨ ਕਰਦਿਆਂ ਭਾਈ ਸਾਹਿਬ ਬੜੇ ਉਤਲੇ ਸਕੇਲ ਤੇ ਜਾਂਦੇ ਹਨ ਜੋ ਕਿ ਉਨ੍ਹਾਂ ਦੀ ਗਾਇਨ ਪ੍ਰਤਿਭਾ ਦੀ ਪਛਾਣ ਹੈ।

ਇਸ ਕੈਸੱਟ ਦੀ 'ਬੀ' ਦਿਸ਼ਾ ਦਾ ਪਹਿਲਾ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤਾ ਰਾਗ ਸਿਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੪ਉੱਤੇ ਅੰਕਿਤ ਹੈ। ਸ਼ਬਦ ਦੀ ਰਹਾਉ ਦੀ ਪੰਕਤੀ ''ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰੂ ਪੂਛਿ ਦੇਖਿਆ, ਅਵਰੁ ਨਾਹੀ ਥਾਉ'' ਹੈ ਪਰੰਤੂ ਭਾਈ ਸਾਹਿਬ ਨੇ-''ਮਤਿ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ'' ਦੀ ਤੁਕ ਨੂੰ ਟੇਕ ਬਣਾ ਕੇ ਸ਼ਬਦ ਦਾ ਗਾਇਨ ਕੀਤਾ ਹੈ। ਇਸ ਸ਼ਬਦ ਦੀ ਬੰਦਿਸ਼ ਅਤਿ ਦਿਲਖਿਚਵੀ ਹੈ। ਕਹਿਰਵੇ ਤਾਲ ਵਿਚ ਹੀ ਨਿਬੱਧ ਇਸ ਸ਼ਬਦ ਦੇ ਅੰਤਰੇ ਗਾਉਣ ਵਿਚ ਭਾਈ ਸਾਹਿਬ ਨੇ ਕਮਾਲ ਕਰ ਦਿੱਤੀ ਹੈ।

ਇਸੇ ਦਿਸ਼ਾ ਦਾ ਦੂਜਾ ਸ਼ਬਦ ਰਹਾਉ ਦੀ ਤੁਕ-''ਦੀਨ ਦੁਨੀਆ ਤੇਰੀ ਟੇਕ॥ ਸਭ ਮਹਿ ਰਵਿਆ ਸਾਹਿਬ ਏਕ॥''ਤੇ ਅਧਾਰਿਤ ਹੈ ਅਤੇ ਇਸ ਦਾ ਗਾਇਨ ਵੀ ਕਹਿਰਵੇ ਤਾਲ ਵਿਚ ਹੀ ਨਿਬੱਧ ਹੈ। ਭਾਈ ਸਾਹਿਬ ਨੇ ਇਸ ਨੂੰ ਭੈਰਊ ਰਾਗ ਵਿਚ ਹੀ ਗਾਇਆ ਹੈ ਜਦਕਿ ਇਹ ਸ਼ਬਦ ਰਾਗ ਭੈਰਉ ਅਧੀਨ ਹੀ ਪੰਚਮ ਪਾਤਸ਼ਾਹ ਨੇ ਉਚਾਰਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੪੭ਉੱਤੇ ਅੰਕਿਤ ਹੈ। ਭੈਰਉ ਰਾਗ ਵਿਚ ਹੀ ਸ਼ਬਦ ਦਾ ਗਾਇਨ ਕਰਨ ਹਿਤ ਭਾਈ ਸਾਹਿਬ ਵਧਾਈ ਦੇ ਪਾਤਰ ਹਨ। ਇਹ ਸ਼ਬਦ ਵਰਤਮਾਨ ਰਾਗੀ ਜੱਥਿਆਂ ਦੁਆਰਾ ਬਹੁਤ ਹੀ ਘੱਟ ਪੜ੍ਹਿਆ ਜਾਂਦਾ ਹੈ। 'ਬੀ' ਦਿਸ਼ਾ ਦਾ ਤੀਜਾ ਸ਼ਬਦ ਵੀ ਰਹਾਉ ਦੀ ਤੁਕ ''ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ, ਦਾਸ ਅਪੁਨੇ ਕਉ ਨਾਮ ਦੇਵਹੁ'' ਨੂੰ ਅਧਾਰ ਬਣਾ ਕੇ ਗਾਇਨ ਕੀਤਾ ਗਿਆ ਹੈ। ਇਹ ਸ਼ਬਦ 'ਸਲੋਕ ਮਹਲਾ ੫' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੬੯੩ਪੰਨੇ' ਉੱਤੇ ਅੰਕਿਤ ਹੈ। ਸ਼ਬਦ ਦੀ ਦੂਸਰੀ ਪੰਕਤੀ ''ਦ੍ਰਿਸਟਿ ਪ੍ਰਭ ਧਾਰਹੁ, ਕ੍ਰਿਪਾ ਕਰਿ ਤਾਰਹੁ, ਭੁਜਾ ਗਹਿ ਕੂਪ ਤੇ ਕਾਢਿ ਲੇਵਹੁ''॥ ਦਾ ਗਾਇਨ ਭਾਈ ਸਾਹਿਬ ਨੇ ਇਤਨੇ

ਸੁੰਦਰ ਢੰਗ ਨਾਲ ਕੀਤਾ ਹੈ ਕਿ ਆਪ ਜੀ ਦੀ ਗਾਇਨ ਕਲਾ ਦੀ ਦਾਦ ਦੇਣੀ ਬਣਦੀ ਹੈ।

ਇਸ ਕੈਸੱਟ ਦਾ ਅੰਤਲਾ ਸ਼ਬਦ-''ਜਾ ਤੂ ਮੇਰੈ ਵਲਿ ਹੈ, ਤਾ ਕਿਆ ਮੁਹਛੰਦਾ '' ਪਉੜੀ (ਮਾਰੂ ਡਖਣੇ ਵਾਰ ਮਹਲਾ ੫) ਹੇਠ ਸ੍ਰੀ. ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੯੬ ਉੱਤੇ ਅੰਕਿਤ ਹੈ। ਅਤਿ ਦਰੁੱਤ ਲੈਅ ਵਿਚ ਕਹਿਰਵੇ ਤਾਲ ਵਿਚ ਗਾਏ ਗਏ ਇਸ ਸ਼ਬਦ ਦੀ ਬੰਦਿਸ਼ ਬਿਰਤੀ ਨੂੰ ਉਖੇੜਦੀ ਹੈ ਅਤੇ ਗੰਭੀਰ ਸ੍ਰੋਤਿਆਂ ਨੂੰ ਅਵਸ਼ ਨਿਰਾਸ਼ ਕਰੇਗੀ।

ਸਮੁੱਚੇ ਤੌਰ' ਤੇ ਇਹ ਕੈਸੱਟ ਹਰ ਕੀਰਤਨ ਪ੍ਰੇਮੀ ਦੇ ਕੈਸੱਟ ਸੰਗ੍ਰਿਹ ਦਾ ਹਿੱਸਾ ਬਣਨਾ ਚਾਹੀਦੀ ਹੈ। ਵਿਸ਼ੇਸ਼ ਕਰ ਕੇ ਇਸ ਕੈਸੱਟ ਦੇ ਦੋ ਸ਼ਬਦ -''ਮੇਰਾ ਲਾਗਾ ਰਾਮ ਸਿਉ ਹੇਤੁ'' ਅਤੇ ''ਦੀਨ ਦੁਨੀਆ ਤੇਰੀ ਟੇਕ''॥ ਹਰ ਕੀਰਤਨ ਪ੍ਰੇਮੀ ਦੇ ਹਿਰਦੇ ਨੂੰ ਛੂਹਣ ਵਾਲੇ ਹਨ। ਕੈਸੱਟ ਦੀ ਦਿੱਖ ਅਤੇ ਰਿਕਾਰਡਿੰਗ ਉੱਤਮ ਹੈ।

**ਹਰਚਰਨ ਸਿੰਘ**
**ਕਲਕੱਤਾ**

# ਬਾਬੀਹਾ ਅੰਮ੍ਰਿਤ ਵੇਲੇ ਬੋਲਿਆ

ਮਿਤੀ 25-10-1992

ਡੀਅਰ ਡਾ: ਜਗੀਰ ਸਿੰਘ ਜੀ,

''ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ।।''

ਆਪਦਾ ਮਾਸਟਰ ਪੀਸ ''ਬਾਬੀਹਾ ਅੰਮ੍ਰਿਤ ਵੇਲੇ ਬੋਲਿਆ'' ਕੈਸਟ ਦੇ ਸਾਰੇ ਸ਼ਬਦ ਸੁਣਕੇ ਅਨੰਦ ਜੋ ਆਇਆ ਵਰਨਣ ਨਹੀ ਹੋ ਸਕਦਾ। ਤੁਹਾਡੇ ਕੀਰਤਨ ਦਾ ਸਟਾਈਲ ਜੋ 'ਮਨ ਬੇਧਿਆ' ਅਤੇ 'ਮੇਰੇ ਭਾਈ ਜਨਾ' ਵਿੱਚ ਤੁਸਾਂ ਦਰਸਾਇਆ ਹੈ ਇਹ ਸੁਰਤਿ ਨੂੰ ਬਹੁਤ ਹੀ ਖਿਚ ਪਾਉਂਦਾ ਹੈ। ਖਾਸ ਕਰਕੇ ਜਦੋਂ ਤੁਸੀ ਉੱਚੀ ਸੁਰ ਵਿੱਚ ਜਾਕੇ ਇਕ ਬਚਨ ਨੂੰ ਦੂਸਰੇ ਬਚਨ ਨਾਲ ਮਿਲਾਂਦੇ ਹੋ ਤਾਂ ਸਰੋਤੇ ਦੀ ਸੁਰਤਿ ਵੀ ਉਤਨੀ ਉਚੀ ਚੜ੍ਹ ਜਾਂਦੀ ਹੈ ਅਤੇ ਜਦੋਂ ਹੌਲੇ ਹੌਲੇ ਥੱਲੇ ਆਉਂਦੀ ਹੈ ਤਾਂ ਅਕਹਿ ਰੱਸ ਬਝਦਾ ਹੈ। ਹੋਰ ਤੁਹਾਡੇ ਵਾਜੇ ਅਤੇ ਜੋੜੀ ਦੀ ਥਪ ਥਪ ਨਾਲ ਗੁਰਮੰਤ੍ਰ ਸ਼ਬਦ ਨਾਲ ਪੂਰੇ ਤਾਲ ਵਿਚ ਜੋੜਨ ਨਾਲ ਜਾਪ ਵੀ ਹੁੰਦਾ ਜਾਂਦਾ ਹੈ। ਗੁਰਮਿਤ ਐਸੇ ਕੀਰਤਨ ਨੂੰ ਹੀ ਮੰਨਦੀ ਹੈ।

'' ਸਹਜਿ ਸੁਭਾਇ ਉਪਾਧਿ ਰਹਿਤ ਹੋਇ ਗੀਤ ਗੋਬਿੰਦ ਗਾਈਐ।''

ਵਾਹਿਗੁਰੂ ਆਪਨੂੰ ਹੋਰ ਉਤਸਾਹ ਬਖਸੇ ਤਾਂ ਕਿ ਤੁਸੀਂ ਹੋਰ ਕੀਰਤਨੀਆ ਨੂੰ ਵੀ ਇਸ ਤਹਾਂ ਦੇ ਗੁਰਮਤਿ ਕੀਰਤਨ ਕਰਨ ਵਾਸਤੇ ਪ੍ਰੇਰੋ। ਬਹੁਤੇ ਸ਼ਬਦਾਂ ਨੂੰ ਇਕ ਕੈਸਟ ਵਿਚ ਛੇਤੀ ਛੇਤੀ ਗਾਉਣਾ ਮਨ ਦੀਆ ਗੁੱਝੀਆਂ ਤਰੰਗਾਂ ਨੂੰ ਨਹੀ ਜਗਾ ਸਕਦਾ ਦਾਸ ਵੱਲੋਂ ਆਪ ਨੂੰ ਐਸੇ ਅੰਮ੍ਰਿਤਮਈ ਕੀਰਤਨ ਕਰਨ ਦੀ ਬਹੁਤ ਬਹੁਤ ਵਧਾਈ ਹੈ।

ਆਪ ਦਾ ਸ਼ੁਭਚਿੰਤਕ
ਜੀ. ਐਸ. ਰੰਧਾਵਾ
ਰੰਧਾਵਾ ਫਾਰਮ, ਚੰਡੀਗੜ੍ਹ-2

ਪੁਸਤਕ ਰੀਵੀਊ

# ਯਾਤਰਾ ਸ਼ਚ ਖੰਡ ਦੀ

ਲੇਖਕ - ਜੋਗਿੰਦਰ ਸਿੰਘ ਸੇਠੀ

ਪ੍ਰਕਾਸ਼ਕ - ਗੁਰੂ ਤੇਗ ਬਹਾਦਰ ਨਾਮ-ਸਿਮਰਨ ਫਾਊਂਡੇਸ਼ਨ

303, ਐਵਰੀ ਟਾਵਰ-੧ ਜੁਹੂ ਰੋਡ ਬੰਬਈ - 400049

ਪੰਨੇ -120 ਕੀਮਤ -30

ਇਹ ਪੁਸਤਕ ਜਪੁਜੀ ਸਾਹਿਬ ਵਿਚ ਬਿਆਨ ਕੀਤੇ ਪੰਜਾਂ ਖੰਡਾਂ ਬਾਰੇ ਹੈ। ਇਸ ਵਿਚ ਬੜੇ ਸਰਲ ਪਰ ਭਾਵਪੂਰਨ ਢੰਗ ਨਾਲ ਪੰਜਾਂ ਖੰਡਾਂ ਦੀ ਵਿਆਖਿਆ ਕੀਤੀ ਗਈ ਹੈ। ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਅਤੇ ਸਚ ਖੰਡ ਬਾਰੇ ਆਪ ਇਕ ਥਾਂ ਲਿਖਦੇ ਹਨ- ਧਰਮ ਖੰਡ ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਨੇ ਸਾਨੂੰ ਦੱਸਿਆ ਸੀ ਕਿ ਸਾਨੂੰ ਆਪਣਾ ਧਰਮ ਕਮਾਉਣਾ ਚਾਹੀਦਾ ਹੈ ਕਿਉਂਕਿ ਇਹ ਧਰਤੀ ਧਰਮ ਕਮਾਉਣ ਲਈ ਹੀ ਹੈ- ਤਿਸ ਵਿਚ ਧਰਤੀ ਥਾਪ ਰਖੀ ਧਰਮ ਸਾਲ। ਗਿਆਨ ਖੰਡ ਦਾ ਜਿਕਰ ਕਰਦੇ ਗੁਰੂ ਜੀ ਨੇ ਸਮਝਾਇਆ ਸੀ ਕਿ ਨਾ ਸਿਰਫ ਸਾਡੀ ਧਰਤੀ ਦੇ ਹੀ ਬਲਕਿ ਕਈਆ ਧਰਤੀਆਂ ਦੇ ਵਸਨੀਕ ਵੀ ਆਪਣਾ ਧਰਮ ਕਮਾਉਣ ਵਿੱਚ ਲੱਗੇ ਹੋਏ ਹਨ

"ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ਼।"

ਸਰਮ ਖੰਡ ਦਾ ਜ਼ਿਕਰ ਕਰਦਿਆਂ ਗੁਰੂ ਜੀ ਨੇ ਸਾਨੂੰ ਉਪਦੇਸਿਆ ਸੀ ਕਿ ਅਸੀ ਹੁਣ ਧਰਮ ਕਮਾਈਏ ਕਿਉਂਕਿ ਸਰਮ ਕਰਨ ਵਾਲੇ ਨੂੰ ਹੀ "ਨਾਦ ਬਿਨੋਦ ਕੋਡ ਅਨੰਦ" ਪ੍ਰਾਪਤ ਕਰਕੇ ਅਸੀ ਗੁਰਦੁਆਰ ਤੱਕ ਤਾਂ ਪਹੁੰਚ ਜਾਂਦੇ ਹਾਂ ਪਰ ਗੁਰ ਦਰਬਾਰ ਤਕ ਨਹੀ ਅਪੜ ਸਕਦੇ। ਦੇਖੀਦਾ ਹੈ ਕਿ ਦੁਆਰ ਬੰਦ ਹੈ ਗੁਰੂ ਜੀ ਨੇ ਕਿਹਾ ਕਿ ਇਹ ਕਰਮ ਖੰਡ ਹੈ। ਇਥੇ ਪਹੁੰਚਣ ਲਈ ਉਸ ਜੋਰਾਵਰ ਸਕਤੀਸ਼ਾਲੀ ਵਾਹਿਗੁਰੂ ਅਗੇ ਅਰਦਾਸ ਕਰੋ ਕਿਉਕਿ ਕਰਮਕੰਡ ਕੀ ਬਾਣੀ ਜੋਰ। ਤੁਹਾਡੀ ਅਰਦਾਸ ਸੁਣੀ ਗਈ, ਗੁਰੂ ਦੁਆਰ਼ ਖੁੱਲ ਗਿਆ ਤੇ ਤੁਸੀ ਗੁਰੂ ਦਰਬਾਰ ਵਿਚ ਪਹੁੰਚ ਗਏ। ਸਚਖੰਡ ਅਪੜ ਗਏ।

# ਉਸਤਾਦ ਬੜੇ ਗੁਲਾਮ ਅਲੀ ਖਾਂ ਅਤੇ ਇਨਾਇਤ ਬਾਈ ਢੇਰੂਵਾਲੀ

**ਬਲਬੀਰ ਸਿੰਘ ਕੰਵਲ ਲੰਡਨ**

2 Albert Road, ILFORD Essex (U.K)

ਆਰਸੀ (ਦਿਲੀ ) ਨਵੰਬਰ 1992 ਵਾਲੇ ਅੰਕ 'ਚ ਪੰਨਾ 41 ਤੇ ਪੜ੍ਹਿਆ ਕਿ ਬੜੇ ਗੁਲਾਮ ਅਲੀ ਖਾਂ ਸਾਹਿਬ, ਕਿਸੇ ਸਮੇ ਇਨਾਇਤ ਬਾਈ ਢੇਰੂ ਵਾਲੀ ਦੇ ਸਿਤਾਰਵਾਦਕ ਰਹੇ ਸਨ।

ਬੜੀ ਗੱਲ ਨਹੀਂ ਕਿ ਇਹ ਕਿਤਾਬਤ ਦੀ ਗਲਤੀ ਹੀ ਹੋਵੇ, ਪਰ ਅਸਲ ਗੱਲ ਇਹ ਹੈ ਕਿ ਉਹ ਇਸ ਬਾਈ ਦੇ ਪਹਿਲੀਆਂ 'ਚ' ਸਾਰੰਗੀਏ ਰਹੇ ਸਨ, ਸਿਤਾਰੀਏ ਨਹੀਂ।

ਸੱਠਕਿਆਂ 'ਚ' ਜਦੋਂ ਖਾਂ ਸਾਹਿਬ ਤੇ ਫਾਲਜ ਨੇ ਹਮਲਾ ਕੀਤਾ ਤਾਂ ਉਦੋਂ ਲਾਹੌਰ ਤੋ ਉਨ੍ਹਾਂ ਦੇ ਛੋਟੇ ਭਰਾ ਉਸਤਾਦ ਬਰਕਤ ਅਲੀ ਖਾਂ (ਜਿਨਾਂ ਦੀ ਗਾਇਕੀ ਦਾ ਅੰਗ ਅੱਜਕਲ੍ਹ ਗੁਲਾਮ ਅਲੀ ਖਾਂ ਮੇਰੇ ਸ਼ੌਂਕ ਦਾ ਨਹੀਂ ਇਤਬਾਰ ਤੈਨੂੰ ਜੀਵਤ ਰੱਖ ਰਿਹਾ ਹੈ) ਆਪਣੇ ਵੱਡੇ ਵੀਰ ਨੂੰ ਬੰਬਈ ਮਿਲਣ ਆਏ। ਇਨਾਇਤ ਬਾਈ ਢੇਰੂਵਾਲੀ ਜਿਸਦੀ ਉਮਰ 1961 ਵਿੱਚ ਲਗਭਗ 64-65 ਸਾਲ ਦੀ ਹੋਵੇਗੀ, ਉਹ ਵੀ ਖਾਂ ਸਾਹਿਬ ਦੀ ਖਬਰ ਨੂੰ, ਨਾਲ ਇੰਡੀਆ ਆਉਣਾ ਚਾਹੁੰਦੀ ਸੀ, ਪਰ ਕੁਝ ਕਾਰਨਾਂ ਕਰਕੇ, ਉਦੋਂ ਨਾ ਆ ਸਕੀ।

ਬਰਕਤ ਅਲੀ ਖਾਂ ਸਾਹਿਬ, ਜਦ ਹੀ ਵਾਪਸ ਲਾਹੌਰ ਪਰਤੇ, ਇਨਾਇਤ ਬਾਈ ਸੁਣਦਿਆਂ ਸਾਰ ਹੀ, ਉਨ੍ਹਾਂ ਦੀ ਹਵੇਲੀ ਖਾਂ ਸਾਹਿਬ ਦੀ ਸਿਹਤਯਾਬੀ ਬਾਰੇ ਪਤਾ ਕਰਨ ਆਈ। ਉਸ ਉਮਰ 'ਚ' ਵੀ ਉਹ ਇੱਕ ਬਾਰੋਅਬ ਔਰਤ ਲਗਦੀ ਸੀ।

ਇੱਥੇ ਇਹ ਗੱਲ ਲਿਖ ਦੇਣੀ ਵੀ ਸ਼ਾਇਦ ਉਚਿਤ ਹੋਵੇਗੀ ਕਿ ਜਿੱਥੇ ਉਹ ਬੜੇ ਗੁਲਾਮ ਅਲੀ ਖਾਂ ਸਾਹਿਬ ਦੀ ਦੋਸਤ ਸੀ, ਉਥੇ ਆਪਣੇ ਵਕਤ ਦੀ ਬਹੁਤ ਤਕੜਾ ਗਾਉਣ ਵਾਲੀ ਵੀ ਸੀ। ਇਸ ਗੱਲ ਨੂੰ ਖੁਸ਼ ਕਿਸਮਤੀ ਹੀ ਖਿਆਲ ਕਰਨਾ ਚਾਹੀਏ ਕਿ ਇਸ ਬਾਈ ਦੇ ਸਾਡੇ ਕੋਲ ਦੋ ਤਵੇ ਹਨ, ਜਿਹੜੇ ਕੁਦਰਤਨ, ਬੜੀ ਅੱਛੀ ਹਾਲਤ

ਵਿੱਚ ਹਨ। ਇਕ ਵਿੱਚ ਉਸਨੇ ''ਕਾਸਦ ਨੇ ਜਬ ਸੇ ਮੁਅਜ਼ਦਾ ਕੀਆ।, ਵਸਾਲਿਯਾਰ ਕਾ'' (ਗ਼ਜ਼ਲ ਭੈਰਵੀ) ਅਤੇ ਦੂਜੇ ਪਾਸੇ ''ਨਹੀਂ ਅੱਛਾ ਤੇਰਾ ਯੱਕਵਾਰ ਯੂੰ ਯੰ। ਰੂਪੋਸ਼ ਹੋਜਾਨਾ'' ਪੀਲੂ ਗਾਇਆ ਹੈਅਤੇ ਦੂਜੇ ਤਵੇ ਵਿੱਚ'' ਜੀ ਗਿਆ ਦੇਖ ਕਰ ਜਲਵਾ ਤੇਰਾ (ਨਾਅਤ) ''ਤੇਰੀ ਤਾਰੀਫ ਕੈਸੇ ਕਰੂੰ ਮੈਂ ਬਿਆਨ ਮੇਰੀ....। (ਭੈਰਵੀ) ਬੜੀ ਪਿਆਰੀ ਗਾਈ ਹੈ।

ਇਹ ਗੱਲ ਬੜੀ ਖ਼ੂਬਸੂਰਤ ਹੈ ਕਿ ਅੱਜ ਕੱਲ ਸਾਡੇ ਬੁੱਧੀਜੀਵੀਆਂ 'ਚ' ਬੜੇ ਗੁਲਾਮ ਅਲੀ ਖਾਂ ਨੂੰ ਸੁਣਨ ਸਮਝਣ ਦੀ ਜਾਗ੍ਰਿਤੀ ਦਿਨ ਬਦਿਨ ਬੜੀ,ਤੇਜ਼ੀ ਨਾਲ ਵਧ ਰਹੀ ਹੈ। ਪੰਜਾਬ ਦੇ ਸਭਿਆਚਾਰਕ ਵਿਰਸੇ ਨੂੰ ਸਮਝਣ ਲਈ ਇਹ ਸੁਝਾਅ ਬੜਾ ਅੱਛਾ ਹੈ। ਅਜਿਹੇ ਪਹਿਲ ਕਦਮੀ ਕਰਨ ਲਈ ਨਾਟਕ '' ਮਾਲਕੌਂਸ ਤੇ ਸਵਰ ਮੰਡਲ'' ਦੇ ਕਰਤਾ ਦੇਵਿੰਦਰ, ਜਿਨ੍ਹਾਂ ਦੀ ਮੈਂ ਕਾਫੀ ਤਾਰੀਫ ਸ਼ੁਣ ਚੁੱਕਾ ਹਾਂ, ਸਾਡੀਆਂ ਵਧਾਈਆਂ ਦੇ ਪਾਤਰ ਹਨ।

'' ਗੁਲਾਮਿਆਨਾ ਗਾਇਕੀ ਦੀਆ ਗਹਿਰਾਈਆ ਨੂੰ ਘੋਖਣ ਵਾਲੇ ਵਿਦਿਆਰਥੀਆਂ/ ਖੋਜਾਰਥੀਆਂ ਲਈ,ਇਨਾਇਤ ਬਾਈ ਢੇਰੂਵਾਲੀ ਦੇ ਇਹ ਦੋਵੇਂ ਤਵੇ ਇੱਕ ਵਡੱਮੁਲਾ ਤੋਹਫਾ ਹਨ।